# ਕੀ ਜਾਣਾ ਮੈਂ ਕੌਣ

ਤਰਸੇਮ ਸਿੰਘ ਕਰੀਰ



# ਕੀ ਜਾਣਾਂ ਮੈਂ ਕੌਣ

ਤਰਸੇਮ ਸਿੰਘ ਕਰੀਰ

5 ਆਬ
ਪ੍ਰਕਾਸ਼ਨ, ਜਲੰਧਰ

www.PunjabiLibrary.com

# ਕੀ ਜਾਣਾਂ ਮੈਂ ਕੌਣ

TARSEM SINGH “KARIR”
6, MALTHOUSE STREET
KILMORE 3764, MELBOURNE
VICTORIA (AUSTRALIA)
+61447738291
Email: kmc_moga@yahoo.com

**ਸਭ ਹੱਕ** ਲੇਖਕ ਦੇ ਰਾਖਵੇਂ ਹਨ

ISBN : 978-93-91396-85-5

ਪਹਿਲਾ ਐਡੀਸ਼ਨ : 2023

ਕੀਮਤ : 150 ਰੁਪਏ

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**
1-2 ਦੇਸ਼ ਭਗਤ ਯਾਦਗਾਰ ਬਿਲਡਿੰਗ,
ਜੀ.ਟੀ. ਰੋਡ, ਜਲੰਧਰ
ਫ਼ੋਨ: 98140-87063, 95309-44063
5aabparkashan@gmail.com
www. 5aabparkashan.com

ਟਾਈਪ ਸੈਟਿੰਗ: ਵੈਕ ਕੰਪਿਊਟਰਜ਼, ਜਲੰਧਰ

ਪ੍ਰਿੰਟਰਜ਼: 5ਆਬ ਪ੍ਰਿੰਟਰਜ਼ ਜਲੰਧਰ

## ਸਮਰਪਣ

ਆਪਣੇ ਮਾਤਾ-ਪਿਤਾ
ਜੀ ਦੀ ਸਦੀਵੀ
ਮਿੱਠੀ ਯਾਦ
ਨੂੰ

# ਤਰਤੀਬ


✪ "ਕਰੀਰ" ਦੀ ਕਲਮ ਦੇ ਕਦਮ
**-ਜੁਗਿੰਦਰ ਸਿੰਘ ਸੰਧੂ** 06
✪ ਉੱਚੇ-ਸੁੱਚੇ ਵਿਚਾਰਾਂ ਵਾਲੀ ਹਸਤੀ-ਤਰਸੇਮ ਸਿੰਘ "ਕਰੀਰ"
**-ਹਰਬੰਸ ਸਿੰਘ ਸਿੱਧੂ** 09
✪ ਕੁਝ ਸ਼ਬਦ ਮੇਰੇ ਵੱਲੋਂ 11
✪ ਚੰਗੀਆਂ ਆਦਤਾਂ 15
✪ ਫਰਕ ਹੈ, ਢਾਬੇ ਅਤੇ ਹੋਟਲ ਦਾ 16
✪ ਇੱਕ ਅਰਦਾਸ 17
✪ ਗੰਦੇ ਬੱਚੇ 18
✪ ਪ੍ਰਮਾਤਮਾ ਦਾ ਵੱਟਾ 20
✪ ਸਹੀ ਸਮਾਂ, ਸਹੀ ਕਦਮ 21
✪ ਇਨਸਾਨੀਅਤ ਅਜੇ ਜਿੰਦਾ ਹੈ 23
✪ ਇੱਕ ਸੀ ਰਾਜਾ 24
✪ ਮੈਂ ਫ਼ਰਿਸ਼ਤਾ ਦੇਖਿਆ 26
✪ ਜ਼ਿੰਦਗੀ 29
✪ ਸਤੁੰਸ਼ਟੀ 30
✪ ਗੁਰਦੁਆਰਾ-ਬੱਚਿਆਂ ਦੀ ਨਜ਼ਰ 'ਚ 31
✪ ਮਨ ਦੀ ਗਰੀਬੀ ਅਤੇ ਪੈਸੇ ਦੀ ਗਰੀਬੀ 32
✪ ਨਾਮ ਇਸ ਤਰ੍ਹਾਂ ਵੀ ਰੱਖਿਆ ਜਾ ਸਕਦਾ ਹੈ 33
✪ ਮਿੰਨੀ ਕਹਾਣੀ 34
✪ ਦੋ ਮੂਰਖ਼ 35
✪ ਅਖੌਂਤ 36
✪ ਪ੍ਰਮਾਤਮਾ ਦੀ ਰਜ਼ਾ 37
✪ ਜੱਗ ਬੀਤੀ ਨਹੀਂ, ਸਗੋਂ ਹੱਡ ਬੀਤੀ 38
✪ ਗੁਰੂ 'ਤੇ ਭਰੋਸਾ 40

- ਮੌਤ ਇੰਜ ਵੀ... 42
- ਅਮੀਰ ਕੌਣ? 43
- ਇਮਾਨਦਾਰੀ 44
- ਰੱਬ ਹਰ ਥਾਂ ਮੌਜੂਦ ਹੈ 45
- ਹੀਰਾ ਅਤੇ ਜੌਹਰੀ 46
- ਪਛਤਾਵਾ 47
- ਖੁਸ਼ੀ ਤੋਂ ਗਮੀ ਤੱਕ 48
- ਲਾਡ 49
- ਬੰਦ ਦਰਵਾਜ਼ਾ 50
- ਅਭੁੱਲ ਯਾਦ 52
- ਤੜਫਦੀਆਂ ਰੂਹਾਂ 55
- ਗੁੰਮਨਾਮ ਕਹਾਣੀ 61
- ਪ੍ਰਵਾਸ 63
- ਇਤਫ਼ਾਕ 65
- ਕਾਦਰ ਦੀ ਕੁਦਰਤ 67
- ਪਹਿਲਾ ਤੇ ਆਖ਼ਰੀ ਦੋਸਤ 68
- ਭੂਆ 70
- ਇੱਕ ਮੋੜ 72
- ਨਹਿਲੇ ਤੇ ਦਹਿਲਾ 74
- ਜ਼ਿੰਦਗੀ 75
- ਸਭ ਤੋਂ ਸੋਹਣਾ ਦੇਸ਼-ਨਿਊਜ਼ੀਲੈਂਡ 76

# ''ਕਰੀਰ'' ਦੀ ਕਲਮ ਦੇ ਕਦਮ

ਕਿਸੇ ਵਿਅਕਤੀ ਦੇ ਘਰ ਪੁੱਤਰ ਦਾ ਜਨਮ ਹੁੰਦਾ ਹੈ ਤਾਂ ਉਸ ਨੂੰ ਅਪਾਰ ਪ੍ਰਸੰਨਤਾ ਹੁੰਦੀ ਹੈ। ਆਦਮੀ ਗਰੀਬ ਹੋਵੇ ਜਾਂ ਅਮੀਰ ਉਸ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਹੁੰਦੀ। ਉਂਝ ਵੀ ਖੁਸ਼ੀ ਨੂੰ ਪੈਸੇ ਨਾਲ ਤੋਲਿਆ-ਮਿਣਿਆ ਨਹੀਂ ਜਾ ਸਕਦਾ। ਮੈਂ ਤਾਂ ਸੋਚਦਾ ਹਾਂ ਕਿ ਸ਼ਾਇਦ ਗਰੀਬ ਨੂੰ ਪੁੱਤਰ ਪ੍ਰਾਪਤੀ ਦਾ ਹੋਰ ਵੀ ਜ਼ਿਆਦਾ ਚਾਅ ਚੜ੍ਹਦਾ ਹੈ ਅਤੇ ਉਹ ਆਪਣੇ ਹਾਵ-ਭਾਵ ਪ੍ਰਗਟ ਕਰਕੇ ਅਤੇ ਚਿਹਰੇ ਦੀ ਅਜੀਬ ਮੁਸਕਰਾਹਟ ਨਾਲ ਇਸ ਨੂੰ ਜ਼ਾਹਰ ਕਰਦਾ ਹੈ। ਕਿਸੇ ਲੇਖਕ ਨੂੰ ਆਪਣੀ ਪੁਸਤਕ ਪ੍ਰਕਾਸ਼ਤ ਹੋਣ ਦਾ ਵੀ ਅਜਿਹਾ ਹੀ ਚਾਅ ਹੁੰਦਾ ਹੈ। ਲੇਖਕ ਨਵਾਂ ਹੋਵੇ ਜਾਂ ਪੁਰਾਣਾ, ਸਿਖਾਂਦਰੂ ਹੋਵੇ ਜਾਂ ਪਰਪੱਕ, ਸਾਹਿਤਕ ਸਭਾਵਾਂ, ਅਕੈਡਮੀਆਂ, ਲੇਖਕਾਂ ਦੀਆਂ ਜਥੇਬੰਦੀਆਂ ਵਿਚ ਪੈਂਠ ਰੱਖਣ ਵਾਲਾ ਹੋਵੇ ਜਾਂ ਮੀਡੀਆ 'ਚੋਂ ਉਨ੍ਹਾਂ ਦੀਆਂ ਖ਼ਬਰਾਂ ਪੜ੍ਹਨ ਤੱਕ ਸੀਮਤ ਹੋਵੇ, ਪੁਸਤਕ ਛਪਣ ਦਾ ਚਾਅ ਤਾਂ ਸਭ ਨੂੰ ਹੁੰਦਾ ਹੈ। ਸਗੋਂ ਨਵੇਂ-ਨਿਮਾਣੇ ਲੇਖਕ ਨੂੰ ਹਕੀਕੀ ਖੁਸ਼ੀ ਹੁੰਦੀ ਹੈ।

ਤਰਸੇਮ ਸਿੰਘ ''ਕਰੀਰ'' ਦੀ ਪੁਸਤਕ 'ਕੀ ਜਾਣਾਂ ਮੈਂ ਕੌਣ' ਦਾ ਖਰੜਾ ਪੜ੍ਹਦਿਆਂ ਮੈਨੂੰ ਅਹਿਸਾਸ ਹੋ ਰਿਹਾ ਸੀ ਕਿ ਉਸ ਨੂੰ ਵੀ ਇਸ ਦੇ ਪ੍ਰਕਾਸ਼ਤ ਹੋਣ ਦਾ ਕਿੰਨਾ ਚਾਅ ਹੈ। ਉਹ ਭੱਜ-ਭੱਜ ਸਾਰੇ ਕੰਮ ਨਿਬੇੜ ਰਿਹਾ ਹੈ ਅਤੇ ਉਡੀਕ ਕਰ ਰਿਹਾ ਹੈ ਕਿ ਕਿਸ ਦਿਨ ਇਹ ਕਿਰਤ ਉਸ ਦੀ ਝੋਲੀ ਵਿਚ ਪਵੇਗੀ।

ਤਰਸੇਮ ਸਿੰਘ ਮਾਲਵੇ ਦੇ ਸ਼ਹਿਰ 'ਮੋਗਾ' ਵਿਚ 'ਕਰੀਰ' ਬਣ ਕੇ ਪੈਦਾ ਹੋਇਆ ਅਤੇ ਵਾਇਆ ਨਿਊਜੀਲੈਂਡ ਹੁੰਦਾ ਹੋਇਆ ਆਸਟ੍ਰੇਲੀਆ ਦੇ ਸ਼ਹਿਰ ਮੈਲਬਰਨ 'ਚ ਜਾ ਵੱਸਿਆ। 'ਕਰੀਰ' ਦੇ ਰੁੱਖ ਵਾਂਗ ਉਹ ਬਹੁਤੇ ਸੰਘਣੇ ਪੱਤਿਆਂ ਦਾ ਸਰਮਾਇਆ ਨਾ ਹੋਣ ਦੇ ਬਾਵਜੂਦ ਸੰਘਣੀ ਛਾਂ ਵੰਡਣ ਲਈ ਯਤਨਸ਼ੀਲ ਹੈ। ਉਸਦੇ ਫਲ ਥੋੜ੍ਹੇ ਹੋ ਸਕਦੇ ਹਨ, ਛੋਟੇ ਆਕਾਰ ਦੇ ਵੀ (ਬਿਲਕੁਲ ਕਰੀਰ ਦੇ ਡੇਲਿਆਂ ਵਾਂਗ) ਪਰ ਅਤਿਅੰਤ ਗੁਣਕਾਰੀ ਹਨ। ਉਸ ਦੀਆਂ ਲਿਖਤਾਂ ਤੋਤਲੇ ਬੋਲਾਂ ਨਾਲ ਵੀ ਨਿੱਗਰ ਸਬਕ ਵੰਡਣ ਵਾਲੀਆਂ ਹਨ। ਪਾਠਕਾਂ-ਆਲੋਚਕਾਂ ਨੂੰ

ਲੱਗ ਸਕਦਾ ਹੈ ਕਿ ਅਜੇ ਉਸ ਦੀ ਕਲਮ ਦੇ ਕਦਮ ਕੁਝ ਸਿਖਾਂਦਰੂ ਅਤੇ ਡਾਵਾਂਡੋਲ ਜਿਹੇ ਹਨ ਪਰ ਉਹ ਪੱਕੇ ਪੈਰੀਂ ਮੰਜ਼ਲ ਵੱਲ ਵਧਦੇ ਦਿਖਾਈ ਦਿੰਦੇ ਹਨ। ਉਸ ਦੇ ਮਨ ਵਿਚ ਪ੍ਰਸਿੱਧੀਆਂ, ਰੁਤਬਿਆਂ ਜਾਂ ਇਨਾਮਾਂ-ਸਨਮਾਨਾਂ ਦੀ ਕੋਈ ਲਾਲਸਾ ਨਹੀਂ, ਇਸ ਮਾਮਲੇ 'ਚ ਉਹ ਫੱਕਰ ਸੁਭਾਅ ਹੈ, ਅੰਦਰੋਂ-ਬਾਹਰੋਂ ਇਕੋ ਜਿਹਾ- ਨਾ ਕੋਈ ਵਲ ਨਾ ਫਰੇਬ, ਸਿੱਧੀ ਅਤੇ ਸੱਚੀ ਗੱਲ ਕਹਿਣ ਦੀ ਜੁਅਰਤ। ਇਸੇ ਕਰਕੇ ਤਾਂ "ਕਰੀਰ" ਦੀ ਕਲਮ ਵੀ ਬੇਹੱਦ ਪੱਕੀ ਹੈ- ਨਿਧੜਕ ਸੱਚ ਦੀ ਬਾਤ ਪਾਉਣ ਵਾਲੀ।

ਪੁਰਾਣੇ ਸਮਿਆਂ ਦੌਰਾਨ ਮਾਲਵੇ ਖੇਤਰ 'ਚ ਕਰੀਰ ਦੇ ਵੇਲਣੇ ਹੁੰਦੇ ਸਨ, ਕਪਾਹ ਵੇਲਣ ਵਾਲੇ, ਜਿਹੜੇ ਕਪਾਹ ਨਾਲੋਂ ਵੜੇਵਿਆਂ ਨੂੰ ਵੱਖ ਕਰਦੇ। ਔਰਤਾਂ ਕਪਾਹ ਵੇਲ-ਵੇਲ ਥੱਕ ਜਾਂਦੀਆਂ। ਲੋਕ ਗੀਤਾਂ 'ਚ ਇਸ ਦਾ ਜ਼ਿਕਰ ਮਿਲਦਾ ਹੈ- 'ਕਰੀਰ ਦਾ ਵੇਲਣਾ ਮੈਂ ਵੇਲ-ਵੇਲ ਥੱਕੀ'।

"ਕਰੀਰ" ਦੀ ਕਲਮ ਸ਼ਬਦਾਂ ਨੂੰ ਵੇਲਦੀ ਹੈ ਅਤੇ ਸੱਚ ਨੂੰ ਨਿਖੇੜ ਕੇ ਪੇਸ਼ ਕਰਨ ਦਾ ਯਤਨ ਕਰਦੀ ਹੈ। ਉਸ ਦੀ ਵਾਰਤਕ ਕਾਵਿਮਈ ਲਹਿਜੇ ਵਾਲੀ ਹੁੰਦੀ ਹੈ ਅਤੇ ਕਈ ਵਾਰ ਉਹ ਕਵਿਤਾ ਨੂੰ ਵਾਰਤਕ ਦੇ ਅੰਦਾਜ਼ ਵਿਚ ਪੇਸ਼ ਕਰ ਜਾਂਦਾ ਹੈ। 'ਜ਼ਿੰਦਗੀ' ਸਿਰਲੇਖ ਹੇਠ ਉਹ ਲਿਖਦਾ ਹੈ:

ਜ਼ਿੰਦਗੀ ਇਕ ਲਲਕਾਰ ਹੈ,<br>
ਇਸਦਾ ਸਾਹਮਣਾ ਕਰੋ।<br>
ਜ਼ਿੰਦਗੀ ਇਕ ਜਦੋ ਜਹਿਦ ਹੈ,<br>
ਇਸ ਨੂੰ ਸਵੀਕਾਰ ਕਰੋ।<br>
ਜ਼ਿੰਦਗੀ ਇਕ ਭੇਤ ਹੈ,<br>
ਇਸਨੂੰ ਖੋਲ੍ਹੋ।<br>
ਜ਼ਿੰਦਗੀ ਫਰਜ ਹੈ,<br>
ਇਸ ਨੂੰ ਨਿਭਾਓ।

ਤਰਸੇਮ ਸਿੰਘ "ਕਰੀਰ" ਨੂੰ ਜ਼ਿੰਦਗੀ ਦੇ ਕਈ ਸਾਲ ਨਿਊਜ਼ੀਲੈਂਡ ਵਿਚ ਰਹਿਣ, ਕੰਮ ਕਰਨ ਅਤੇ ਵਿਚਰਨ ਦਾ ਮੌਕਾ ਮਿਲਿਆ। ਉਸਨੇ ਨਿਊਜ਼ੀਲੈਂਡ ਦੀਆਂ ਸਾਰੀਆਂ ਨੁੱਕਰਾਂ ਗਾਹ ਲਈਆਂ। ਉੱਥੇ ਦੇ ਜਨ-ਜੀਵਨ ਨੂੰ ਬੜਾ ਨੀਝ ਨਾਲ ਤੱਕਿਆ ਅਤੇ ਫਿਰ ਇੱਕ ਲੰਮੇ ਲੇਖ ਵਿਚ ਕਾਗਜ਼ ਦੀ ਹਿੱਕ 'ਤੇ ਉਤਾਰ ਦਿੱਤਾ। 'ਸਭ ਤੋਂ ਸੋਹਣਾ ਦੇਸ਼ ਨਿਊਜ਼ੀਲੈਂਡ' ਸਿਰਲੇਖ ਅਧੀਨ ਆਪਣੇ ਸਾਰੇ ਅਨੁਭਵ ਪਾਠਕਾਂ ਸਾਹਵੇਂ ਪੇਸ਼ ਕਰ ਦਿੱਤੇ ਹਨ। ਉਹ ਲਿਖਦਾ ਹੈ "ਕਿਹਾ ਜਾਂਦਾ ਹੈ

ਕਿ ਸਵਿਟਜ਼ਰਲੈਂਡ ਸਭ ਤੋਂ ਸੋਹਣਾ ਦੇਸ਼ ਹੈ ਪਰ ਮੇਰੀ ਨਜ਼ਰ ਵਿਚ ਨਿਊਜੀਲੈਂਡ ਸਭ ਤੋਂ ਸੋਹਣਾ ਹੈ।"

ਤਰਸੇਮ ਸਿੰਘ "ਕਰੀਰ" ਦੇ ਲੇਖਾਂ ਵਿਚ ਅਕਸਰ ਸਿਖਿਆਦਾਇਕ ਅਤੇ ਪ੍ਰਵਾਨਤ ਸੱਚ ਵਰਗੀਆਂ ਗੱਲਾਂ ਦਾ ਵੀ ਜ਼ਿਕਰ ਮਿਲਦਾ ਹੈ। ਇਕ ਜਾਪਾਨੀ ਲੋਕ-ਕਥਾ ਦੇ ਹਵਾਲੇ ਨਾਲ ਉਹ ਲਿਖਦਾ ਹੈ, "ਮਰਦ ਰੱਬ ਦਾ ਸਭ ਤੋਂ ਖ਼ੂਬਸੂਰਤ ਪ੍ਰਾਣੀ ਹੈ... ਇਹ ਉਹ ਹਸਤੀ ਹੈ ਜੋ ਆਪਣੀ ਸਭ ਤੋਂ ਵਧੀਆ ਦੌਲਤ, ਸਗੋਂ ਜੋ ਕੁਝ ਵੀ ਉਸ ਕੋਲ ਹੈ, ਆਪਣੇ ਬੱਚਿਆਂ ਨੂੰ ਸੌਂਪ ਦਿੰਦਾ ਹੈ।"

ਤਰਸੇਮ ਸਿੰਘ ਦੇ ਲੇਖ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇਨਸਾਨ ਵਿਚ ਦੂਜਿਆਂ ਦੇ ਕੰਮ ਆਉਣ ਦੀ ਇੱਛਾ ਅਤੇ ਭਾਵਨਾ ਜ਼ਰੂਰ ਹੋਣੀ ਚਾਹੀਦੀ ਹੈ। ਉਹ ਰੱਬ ਦੀ ਰਜ਼ਾ 'ਚ ਰਹਿਣ ਪ੍ਰਤੀ ਵੀ ਬੜਾ ਸੰਜੀਦਾ ਹੈ ਅਤੇ ਉਸ ਦਾ ਦ੍ਰਿੜ ਵਿਸ਼ਵਾਸ ਹੈ ਕਿ ਸਭ ਕੁਝ ਰੱਬ ਦੇ ਭਾਣੇ ਵਿਚ ਵਾਪਰਦਾ ਹੈ। ਤਰਸੇਮ ਨੇ ਤਾਂ ਵਾਹਿਗੁਰੂ 'ਚ ਇਥੋਂ ਤੱਕ ਭਰੋਸਾ ਪ੍ਰਗਟ ਕੀਤਾ ਹੈ ਅਤੇ ਆਖ ਦਿੱਤਾ ਹੈ ਕਿ ਇਸ ਪੁਸਤਕ ਦਾ ਪ੍ਰਕਾਸ਼ਤ ਹੋਣਾ ਵੀ ਧੰਨ ਧੰਨ ਗੁਰੂ ਧੰਨ ਧੰਨ ਸ਼੍ਰੀ ਗੁਰੂ ਰਾਮ ਦਾਸ ਜੀ ਦੀ ਕਿਰਪਾ ਹੈ।

'ਕੀ ਜਾਣਾ ਮੈਂ ਕੌਣ' ਬਾਰੇ ਕੁਝ ਸੋਚਣਾ, ਕਹਿਣਾ ਅਤੇ ਵਿਚਾਰ ਪ੍ਰਗਟ ਕਰਨਾ ਮੈਂ ਪਾਠਕਾਂ ਹਵਾਲੇ ਕਰਦਾ ਹਾਂ ਅਤੇ ਇਸ ਪੁਸਤਕ ਨੂੰ ਜੀ ਆਇਆਂ ਕਹਿੰਦਾ ਹਾਂ ਅਤੇ ਉਸ ਤੋਂ ਹੋਰ ਚੰਗੀ ਸਿਰਜਣਾ ਦੀ ਉਮੀਦ ਕਰਦਾ ਹਾਂ।

**-ਜੁਗਿੰਦਰ ਸਿੰਘ ਸੰਧੂ**

**094174-02327**

# ਉੱਚੇ-ਸੁੱਚੇ ਵਿਚਾਰਾਂ ਵਾਲੀ ਹਸਤੀ-ਤਰਸੇਮ ਸਿੰਘ "ਕਰੀਰ"

ਇਹ ਜਾਣ ਕੇ ਅਪਾਰ ਖੁਸ਼ੀ ਹੋਈ ਕਿ ਸਰਦਾਰ ਤਰਸੇਮ ਸਿੰਘ ਕਰੀਰ ਜੀ ਵਲੋਂ ਲਿਖੀ ਹੋਈ ਪੁਸਤਕ "ਕੀ ਜਾਣਾ ਮੈਂ ਕੌਣ" ਪ੍ਰਕਾਸ਼ਤ ਹੋ ਰਹੀ ਹੈ। ਉਹਨਾਂ ਨੂੰ ਇਸ ਪ੍ਰਾਪਤੀ ਲਈ ਬਹੁਤ-ਬਹੁਤ ਵਧਾਈਆਂ। ਲੰਬੇ ਸਮੇਂ ਤੋਂ ਉਹਨਾਂ ਨਾਲ ਮੇਰਾ ਨਜ਼ਦੀਕੀ ਰਿਸ਼ਤਾ ਰਿਹਾ ਹੈ। ਉਹ ਉੱਚੇ-ਸੁੱਚੇ ਵਿਚਾਰਾਂ ਅਤੇ ਧਾਰਮਿਕ ਬਿਰਤੀ ਵਾਲੇ ਇਨਸਾਨ ਹਨ। ਬਹੁਤ ਨਾਮਵਰ ਲੋਕਾਂ ਨਾਲ ਉਹਨਾਂ ਦੇ ਨੇੜਲੇ ਸਬੰਧ ਹਨ। ਹਰ ਸਾਲ ਆਪਣੇ ਸੱਜਣਾ ਦੇ ਜਨਮ-ਦਿਨ 'ਤੇ ਵਿਸਤਰਿਤ ਅਤੇ ਵਿਲੱਖਣ ਤਰੀਕੇ ਨਾਲ ਵਧਾਈ ਦਾ ਕਾਰਡ ਲਿਖਣਾ, ਉਹਨਾਂ ਦਾ ਸ਼ੌਕ ਹੈ ਅਤੇ ਉਹ ਵੀ ਨਿਰੋਲ ਪੰਜਾਬੀ ਭਾਸ਼ਾ ਵਿੱਚ, ਜਿਹੜਾ ਕਿ ਕਾਫੀ ਬਿਖੜਾ ਕੰਮ ਹੈ। ਦੋਸਤਾਂ-ਮਿੱਤਰਾਂ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋਣਾ ਉਨ੍ਹਾਂ ਦੀ ਸਖਸ਼ੀਅਤ ਦਾ ਅਨਿੱਖੜਵਾਂ ਅੰਗ ਹੈ। ਜਿਸ ਤਰ੍ਹਾਂ ਉਹ ਆਪਣੇ ਦੋਸਤਾਂ ਮਿੱਤਰਾਂ ਨਾਲ ਆਪਣੇ ਨੇੜਤਾ ਵਾਲੇ ਸਬੰਧ ਰੱਖਦੇ ਹਨ ਉਸੇ ਤਰ੍ਹਾਂ ਉਨ੍ਹਾਂ ਦੇ ਦੋਸਤ ਮਿੱਤਰ ਵੀ ਉਹਨਾਂ ਦਾ ਨਿੱਘਾ ਸਤਿਕਾਰ ਕਰਦੇ ਹਨ। ਦੇਸ਼-ਵਿਦੇਸ਼ ਵਿੱਚ ਵੱਸਦੇ ਦੋਸਤ ਵੀ ਉਹਨਾਂ ਦੀ ਨਿੱਘੀ-ਮਿੱਠੀ ਦੋਸਤੀ 'ਤੇ ਮਾਣ ਕਰਦੇ ਹਨ।

ਦੋਸਤੀ ਦੇ ਅਸੂਲਾਂ ਨੂੰ ਪਾਲਦੇ ਹੋਏ ਸਾਲ 2017 ਵਿੱਚ ਤਰਸੇਮ ਸਿੰਘ ਵੱਖ-ਵੱਖ ਦੇਸ਼ਾਂ ਦੀ ਯਾਤਰਾ ਵੀ ਕਰ ਚੁੱਕੇ ਹਨ ਜਿਨ੍ਹਾਂ ਵਿੱਚ ਕੈਨੇਡਾ, ਅਮਰੀਕਾ ਦੇ ਕਈ ਸ਼ਹਿਰ ਅਤੇ ਨਾਲ ਹੀ ਯੂਰਪ ਦੇ ਕੁਝ ਦੇਸ਼ ਵੀ ਸ਼ਾਮਲ ਹਨ। ਉਹ ਧਾਰਮਿਕ ਬਿਰਤੀ ਦੇ ਮਾਲਿਕ ਹਨ ਅਤੇ ਧਾਰਮਿਕਤਾ ਉਹਨਾਂ ਦੀ ਜ਼ਿੰਦਗੀ ਵਿੱਚ ਰਚੀ-ਮਿਚੀ ਹੈ। ਉਹ ਕ੍ਰੇਗੀਬਰਨ (ਅਸਟ੍ਰੇਲੀਆ) ਵਿਖੇ ਰਹਿੰਦੇ ਹੋਏ "ਨਿਊਬਰੀ ਸੀਨੀਅਰਜ਼ ਕਲੱਬ" ਦੀ ਬਤੌਰ ਸਕੱਤਰ ਸੇਵਾ ਨਿਭਾਅ ਰਹੇ ਹਨ। ਸਾਰੇ ਕਲੱਬ ਮੈਂਬਰਾਂ ਦੇ ਜਨਮ-ਦਿਨ ਕਾਰਡ, ਭਾਰਤ ਦੀ ਯਾਤਰਾ ਤੇ ਜਾਣ ਵਾਲਿਆਂ ਲਈ ਸ਼ੁਭ ਇਛਾਵਾਂ ਅਤੇ ਵਾਪਿਸ ਆਉਣ 'ਤੇ ਜੀ ਆਇਆਂ ਕਹਿਣ ਦਾ ਅੰਦਾਜ਼, ਇੱਕ ਪੰਜਾਬੀ ਵਿੱਚ ਲਿਖੇ ਕਾਰਡ ਦੇ ਰੂਪ ਵਿੱਚ ਵੱਖਰਾ ਅਤੇ ਵਿਲੱਖਣ ਤਰੀਕਾ

ਹੈ। ਕਲੱਬ ਦੇ ਵਟਸਐਪ ਗਰੁੱਪ ਵਿੱਚ ਸਵੇਰੇ ਸਭ ਤੋਂ ਪਹਿਲਾਂ ਸ਼ੁਭ-ਪ੍ਰਭਾਤ ਸੰਦੇਸ਼ ਅਤੇ ਗੁਰਬਾਣੀ ਨਾਲ ਸਬੰਧਤ ਸੰਦੇਸ਼ ਪਾ ਕੇ ਹੀ ਦਿਨ ਦੀ ਸ਼ੁਰੂਆਤ ਕਰਦੇ ਹਨ। ਉਹਨਾਂ ਵਲੋਂ ਲਿਖੀ ਗਈ ਪੁਸਤਕ "ਕੀ ਜਾਣਾ ਮੈਂ ਕੌਣ" ਵੀ ਉਕਤ ਵਿਚਾਰਾਂ ਦੀ ਹੀ ਪੁਸ਼ਟੀ ਕਰਦੀ ਹੈ। ਮੈਂ ਇੱਕ ਵਾਰ ਫੇਰ ਉਹਨਾਂ ਨੂੰ ਹਾਰਦਿਕ ਮੁਬਾਰਕਵਾਦ ਦਿੰਦਾ ਹੋਇਆ ਕਾਮਨਾ ਕਰਦਾ ਹਾਂ ਕਿ ਉਹ ਇਸ ਤਰ੍ਹਾਂ ਦਾ ਸ਼ੌਕ ਅਤੇ ਵਿਚਾਰਾਂ ਦੀ ਪਾਲਣਾ ਕਰਦੇ ਹੋਏ, ਇਸੇ ਤਰ੍ਹਾਂ ਹੀ ਆਪਣੀ ਪੰਜਾਬੀ ਬੋਲੀ ਵਿੱਚ ਲਿਖਣ ਦੀ ਕਲਾ ਨੂੰ ਸੰਵਾਰਦੇ ਅਤੇ ਨਿਖਾਰਦੇ ਰਹਿਣ।

**-ਹਰਬੰਸ ਸਿੰਘ ਸੰਧੂ**
**ਸਾਬਕਾ ਡਾਇਰੈਕਟਰ,**
**ਸਿੱਖਿਆ ਵਿਭਾਗ, ਪੰਜਾਬ**

# ਕੁਝ ਸ਼ਬਦ ਮੇਰੇ ਵੱਲੋਂ

ਇਨਸਾਨ ਉਮਰ ਭਰ ਆਪਣੀ ਹੋਂਦ ਨੂੰ ਤਲਾਸ਼ਦਾ ਰਹਿੰਦਾ ਹੈ। ਉਹ ਜਾਨਣਾ ਚਾਹੁੰਦਾ ਹੈ ਕਿ ਆਖਰ ਉਹ ਕੌਣ ਹੈ? ਹਰ ਕਰਮ ਪਿਛੋਂ ਜਾਂ ਜੀਵਨ ਦੇ ਹਰ ਪੜਾਅ ਵਿੱਚ ਉਹ ਆਪਣੇ ਅੰਦਰ ਝਾਤੀ ਮਾਰਦਾ ਹੈ ਕਿ- ਮੈਂ ਕੌਣ ਹਾਂ? ਕਿਥੋਂ ਆਇਆ ਹਾਂ, ਕਿਉਂ ਆਇਆ ਹਾਂ? ਮੇਰੀ ਜ਼ਿੰਦਗੀ ਦਾ ਮਨੋਰਥ ਕੀ ਹੈ? ਉਹ ਚੰਗੇ ਰਾਹ ਪੈ ਗਿਆ ਜਾਂ ਮਾੜੇ, ਇਹ ਸੁਆਲ ਤਾਂ ਉਸਦੇ ਅੰਦਰ ਉੱਠਦੇ ਹੀ ਹਨ। ਇਨਸਾਨ ਆਪਣੇ ਆਪ ਨੂੰ ਕਿੰਨਾ ਕੁ ਪੜ੍ਹ ਸਕਿਆ ਹੈ, ਇਹ ਸੁਆਲ ਜ਼ਿੰਦਗੀ ਭਰ ਉਸ ਅੰਦਰ ਰੜਕਦਾ ਰਹਿੰਦਾ ਹੈ।

ਜੀਵਨ-ਸੰਘਰਸ਼ ਵਿੱਚ ਇਨਸਾਨ ਕਿਸ ਤਰ੍ਹਾਂ ਵਿਚਰਦਾ ਹੈ, ਕੰਮਕਾਰ ਕੀ ਅਤੇ ਕਿਵੇਂ ਕਰਦਾ ਹੈ, ਪਹਿਰਾਵਾ, ਮਿਲਵਰਤਣ, ਸਮਾਜਕ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਜੀਵਨ ਦੇ ਹੋਰ ਪਹਿਲੂਆਂ ਤੋਂ ਦੂਜੇ ਲੋਕ ਉਸਦੀ ਹਸਤੀ ਬਾਰੇ ਅੰਦਾਜ਼ਾ ਲਾਉਂਦੇ ਹਨ ਜਾਂ ਉਸ ਨੂੰ ਜਾਨਣ ਦੀ ਕੋਸ਼ਿਸ਼ ਕਰਦੇ ਹਨ।

ਖੁਦ ਨੂੰ ਜਾਨਣ ਦੀਆਂ ਮੇਰੀਆਂ ਅਜਿਹੀਆਂ ਕੋਸ਼ਿਸ਼ਾਂ ਵਿੱਚੋਂ ਇੱਕ ਇਹ ਵੀ ਸੀ ਕਿ ਮੈਂ ਕੁਝ ਸ਼ਬਦ ਜੋੜਣ ਦੇ ਰਸਤੇ ਤੁਰਨ ਦਾ ਹੌਸਲਾ ਕੀਤਾ। ਆਪਣੇ ਬਾਰੇ, ਦੋਸਤਾਂ ਬਾਰੇ, ਸਮਾਜ ਬਾਰੇ, ਵੱਖ-ਵੱਖ ਥਾਵਾਂ ਬਾਰੇ ਲਿਖਣਾ ਸ਼ੁਰੂ ਕੀਤਾ। ਕਹਾਣੀ ਦੇ ਰਾਹ ਵੀ ਕਲਮ ਤੁਰੀ ਤੇ ਅਖੀਰ ਇਨ੍ਹਾਂ ਲਿਖਤਾਂ ਨੇ 'ਕੀ ਜਾਣਾ ਮੈਂ ਕੌਣ' ਨਾਮੀ ਪੁਸਤਕ ਦਾ ਰੂਪ ਧਾਰ ਲਿਆ।

ਇਸ ਮੁਕਾਮ ਤੱਕ ਮੇਰੀ ਕਲਮ ਕਿਵੇਂ ਪੁੱਜੀ? ਪਾਠਕ ਭਲੀਭਾਂਤ ਜਾਣਦੇ ਹਨ ਕਿ ਹਰੇਕ ਸਫ਼ਰ ਦੀ ਸ਼ੁਰੂਆਤ ਪਹਿਲੇ ਕਦਮ ਨਾਲ ਹੀ ਹੁੰਦੀ ਹੈ। ਨਵੇਂ ਜਨਮੇ ਬੱਚੇ ਨੂੰ ਉਸ ਦੇ ਮਾਂ-ਬਾਪ, ਭੈਣ-ਭਰਾ, ਦਾਦਾ-ਦਾਦੀ ਆਦਿ ਸ਼ੁਰੂਆਤ ਵਿੱਚ ਤੁਰਨਾ-ਬੋਲਣਾ ਸਿਖਾਉਂਦੇ ਹਨ। ਤੋਤਲੀ ਬੋਲੀ ਬੋਲਦਾ ਬੱਚਾ ਹੌਲੀ-ਹੌਲੀ ਸਾਫ ਬੋਲਣ ਲੱਗ ਜਾਂਦਾ ਹੈ। ਇਸੇ ਤਰ੍ਹਾਂ ਬੱਚਾ ਕੁਝ ਵੱਡਾ ਹੋ ਜਾਂਦਾ ਹੈ ਤਾਂ ਠੀਕ ਤੁਰਨ ਅਤੇ ਸਪਸ਼ਟ ਬੋਲਣ ਲੱਗਦਾ ਹੈ।

ਮੇਰੀ ਪਹਿਲੀ ਬੈਂਕ ਨਿਯੁਕਤੀ ਅਪ੍ਰੈਲ 1980 ਵਿੱਚ ਪੰਜਾਬ ਦੇ ਸ਼ਹਿਰ ਜਲੰਧਰ ਵਿਖੇ ਹੋਈ ਸੀ। ਨਿੱਤ ਪ੍ਰਤੀ ਦੇ ਰੁਝੇਵਿਆਂ ਵਿੱਚੋਂ ਥੋੜ੍ਹਾ ਸਮਾਂ ਕੱਢ ਕੇ ਦੋਸਤਾਂ-ਮਿੱਤਰਾਂ ਨਾਲ ਕਦੀ ਕਦਾਈਂ ਕਿਸੇ ਅਖ਼ਬਾਰੀ ਦਫ਼ਤਰ ਵੀ ਜਾਣ ਦਾ ਮੌਕਾ ਮਿਲਿਆ। ਮੇਰੀ ਸਭ ਤੋਂ ਪਹਿਲੀ ਜਿਸ ਸਖ਼ਸ਼ ਨਾਲ ਮੁਲਾਕਾਤ ਹੋਈ ਉਸੇ ਸ਼ਖ਼ਸ ਨੇ ਮੈਨੂੰ ਇਸ ਮੁਕਾਮ ਤੱਕ ਲਿਆ ਪਹੁੰਚਾਇਆ ਅਤੇ ਦਾਸ ਨੂੰ ਇਹ ਮਾਣ ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੀ ਅਪਾਰ ਕਿਰਪਾ ਸਦਕਾ, ਉਸੇ ਸਖ਼ਸ਼ ਨੇ ਦਿਵਾਉਣ ਦਾ ਰਾਹ ਬਣਾਇਆ। ਜਦ ਵੀ ਮੇਰੀ ਉਸ ਨਾਲ ਮੁਲਾਕਾਤ ਹੋਣੀ ਉਸ ਕਹਿਣਾ, "ਕਰੀਰ ਵਿਹਲੇ ਸਮੇਂ ਵਿੱਚ ਕੁਝ ਨਾ ਕੁਝ ਲਿਖਿਆ ਕਰ।" ਮੈਂ ਹਰ ਵਾਰ ਇਹੀ ਕਹਿਣਾ, "ਯਾਰ ਮੈਂ ਅੱਜ ਤੱਕ ਕਦੇ ਕੁਝ ਵੀ ਨਹੀਂ ਲਿਖਿਆ।" ਇੱਕ ਦਿਨ ਮੇਰੀ ਬਾਂਹ ਫੜਕੇ ਕਹਿਣ ਲੱਗ ਦੇਖ "ਮੈਂ ਇਥੇ ਐਡੀਟਰ ਦੇ ਤੌਰ 'ਤੇ ਕੰਮ ਕਰਦਾ ਹਾਂ, ਤੂੰ ਕੁਝ ਲਿਖ ਕੇ ਲਿਆ, ਦੋ ਲਾਈਨਾਂ, ਚਾਰ ਲਾਈਨਾਂ, ਕੋਈ ਨਜ਼ਮ, ਕੋਈ ਗ਼ਜ਼ਲ, ਕੋਈ ਹੱਡ ਬੀਤੀ, ਕੋਈ ਜੱਗ ਬੀਤੀ, ਕੋਈ ਆਸ ਪਾਸ ਦੀ ਘਟਨਾ, ਮੈਂ ਆਪੇ ਹੀ ਉਸ ਨੂੰ ਸੋਧ ਕੇ ਅਖ਼ਬਾਰ ਵਿੱਚ ਛਪਵਾ ਦੇਵਾਂਗਾ।" ਕੋਸ਼ਿਸ਼ ਕੀਤੀ, ਕਦੀ ਮਿੰਨੀ ਕਹਾਣੀ, ਕਦੀ ਕੋਈ ਹੋਰ ਘਟਨਾ, ਕਦੀ ਕੋਈ ਚਾਰ ਲਾਈਨਾਂ ਕਵਿਤਾ ਦੇ ਰੂਪ ਵਿੱਚ, ਇਸ ਤਰ੍ਹਾਂ ਦਾਸ ਨੇ ਲਿਖਣ ਦੀ ਸ਼ੁਰੂਆਤ ਕੀਤੀ। ਜਿਹੜੀ ਵੀ ਰਚਨਾ ਉਸ ਨੂੰ ਭੇਜਣੀ ਉਸ ਨੇ ਸੋਧ ਕਰਕੇ ਛਾਪ ਦੇਣੀ। ਹੌਲੀ-ਹੌਲੀ ਕੁਝ ਆਸ ਪਾਸ ਤੇ ਨਿਗਾਹ ਮਾਰਿਆਂ ਕਦੀ ਕੋਈ ਕਹਾਣੀ ਦਾ ਪਲਾਟ ਮਿਲ ਜਾਣਾ।

ਇੱਕ ਵਾਰ ਮੈਨੂੰ ਆਪਣੀ ਬੈਂਕ ਦੀ ਟ੍ਰੇਨਿੰਗ ਦੇ ਸਬੰਧ ਵਿੱਚ ਚੰਡੀਗੜ੍ਹ ਜਾਣ ਦਾ ਮੌਕਾ ਮਿਲਿਆ ਤਾਂ ਰੌਕ-ਗਾਰਡਨ ਦੇ ਨਿਰਮਾਤਾ ਸ੍ਰੀ ਨੇਕ ਚੰਦ ਨਾਲ ਮੁਲਾਕਾਤ ਕਰਨ ਦਾ ਸਬੱਬ ਬਣਿਆ। ਜੋ ਉੱਥੇ ਦੇਖਿਆ ਕਰਿਆ ਲਿਖ ਕੇ ਭੇਜ ਦਿੱਤਾ। ਉਸ ਸਮੇਂ ਤੱਕ ਮੇਰੀ ਬਦਲੀ ਮੇਰੇ ਆਪਣੇ ਸ਼ਹਿਰ ਮੋਗਾ ਵਿਖੇ ਹੋ ਗਈ ਸੀ। ਕੁਝ ਸਮਾਂ ਇੰਤਜ਼ਾਰ ਕੀਤਾ, ਇੱਕ-ਦੋ ਵਾਰ ਫੋਨ ਵੀ ਕੀਤੇ, ਪਰ ਹਰ ਦੇਰੀ ਪਿੱਛੇ ਕੋਈ ਨਾ ਕੋਈ ਵਧੀਆ ਖ਼ਬਰ ਹੀ ਹੁੰਦੀ ਹੈ। ਉਸ ਨੇ ਆਪਣੇ ਚੰਡੀਗੜ੍ਹ ਸਥਿੱਤ ਪੱਤਰਕਾਰ ਸਾਥੀ ਤੋਂ ਰੌਕ ਗਾਰਡਨ ਦੀਆਂ ਕੁਝ ਫੋਟੋਆਂ ਮੰਗਵਾਈਆਂ ਅਤੇ ਉਸ ਲੇਖ ਨੂੰ 26 ਜਨਵਰੀ ਵਾਲੇ ਸਪੈਸ਼ਲ ਐਡੀਸ਼ਨ ਵਿੱਚ ਛਾਪਣ ਦਾ ਸਮਾਂ ਨਿਰਧਾਰਤ ਕੀਤਾ। ਬਹੁਤ ਖੁਸ਼ੀ ਹੋਈ ਲੇਖ ਨੂੰ ਫੋਟੋਆਂ ਸਮੇਤ ਛਪੇ ਹੋਏ ਨੂੰ ਦੇਖ ਕੇ। ਹੱਥ ਖੁੱਲ ਗਿਆ, ਕਦੀ ਕੋਈ ਲੇਖ, ਕਦੀ ਕੋਈ ਕਹਾਣੀ ਭੇਜ ਦੇਣੀ, ਲੱਗ ਜਾਣੀ। ਮੈਂ ਪਰਿਵਾਰ ਸਮੇਤ ਨਿਊਜ਼ੀਲੈਂਡ ਵਿਖੇ ਪ੍ਰਸਥਾਨ ਕਰ ਗਿਆ। ਪ੍ਰੰਤੂ ਸਾਡੇ ਰਿਸ਼ਤੇ ਹੋਰ

ਵੀ ਨੇੜੇ ਹੁੰਦੇ ਗਏ। ਹਰ ਦੂਸਰੇ ਤੀਸਰੇ ਦਿਨ ਕੁਝ ਨਾ ਕੁਝ ਫੇਸਬੁੱਕ ਤੇ ਲਿਖ ਕੇ ਪਾ ਦੇਣਾ।

ਇੱਕ ਦਿਨ ਭਾਈ ਸਾਹਿਬ ਦਾ ਫ਼ੋਨ ਆਇਆ ਕਿ "ਕਰੀਰ ਜਿਹੜਾ ਕੁਝ ਹੁਣ ਤੱਕ ਤੂੰ ਲਿਖਿਆ ਹੈ, ਉਸ ਨੂੰ ਇੱਕ ਕਿਤਾਬ ਦਾ ਰੂਪ ਕਿਉਂ ਨਹੀਂ ਦੇ ਦਿੰਦਾ, ਹਮੇਸ਼ਾਂ ਲਈ ਇੱਕ ਯਾਦਗਾਰੀ ਕਿਤਾਬ ਛਪਵਾ ਦੇ।" ਮੈਂ ਆਪਣੀ ਅਸਮਰੱਥਾ ਜਿਤਾਈ ਕਿਉਂਕਿ ਮੈਂ ਉਸ ਸਮੇਂ ਤੱਕ ਅਸਟ੍ਰੇਲੀਆ ਚਲਾ ਗਿਆ ਸੀ ਅਤੇ ਕਿਹਾ ਕਿ ਮੈਂ ਇਹ ਸਭ ਕੁਝ ਨਹੀਂ ਕਰ ਸਕਦਾ। ਉਹ ਕਹਿਣ ਲੱਗਾ, "ਇਸ ਦਾ ਕੋਈ ਫਿਕਰ ਨਾ ਕਰ, ਮੈਂ ਇੱਥੇ ਜਲੰਧਰ ਸ਼ਹਿਰ ਵਿੱਚ ਬੈਠਾ ਹਾਂ ਤੇ ਕੁਝ ਪਬਲਿਸ਼ਰ ਮੇਰੇ ਵਾਕਿਫ਼ ਹਨ, ਤੂੰ ਮੈਨੂੰ ਸਾਰਾ ਮਸਾਲਾ ਇੱਕ Soft copy ਦੇ ਰੂਪ ਵਿੱਚ ਭੇਜ ਦੇ, ਮੈਂ ਆਪੇ ਹੀ ਸੋਧ ਕਰਕੇ ਛਪਵਾ ਦੇਵਾਂਗਾ, ਤੇਰੀ ਕੋਈ ਸਿਰਦਰਦੀ ਨਹੀਂ।" ਕਹਿਣੀ ਨੂੰ ਕਥਨੀ ਵਿੱਚ ਬਦਲਣ ਵਾਲਾ ਇਹ ਸ਼ਖ਼ਸ ਸਰਦਾਰ ਜੁਗਿੰਦਰ ਸਿੰਘ ਸੰਧੂ ਹੈ ਜਿਸ ਨੂੰ "ਕੀ ਜਾਣਾ ਮੈਂ ਕੌਣ" ਪੁਸਤਕ ਦਾ ਸਿਹਰਾ ਜਾਂਦਾ ਹੈ।

ਕੋਟਾਨ ਕੋਟ ਧੰਨਵਾਦ ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦਾ ਜਿਨ੍ਹਾਂ ਨੇ ਸੰਧੂ ਜਿਹੇ ਨੇਕ ਇਨਸਾਨ ਨੂੰ ਪ੍ਰੇਰਤ ਕਰਕੇ ਇਹ ਸਾਰਾ ਕਾਰਜ ਸਿਰੇ ਚੜ੍ਹਾਇਆ ਹੈ। ਬਹੁਤ-ਬਹੁਤ ਧੰਨਵਾਦ ਜੀ, ਸੰਧੂ ਸਾਹਿਬ।

ਇਸ ਸਫ਼ਰ ਦੀ ਸ਼ੁਰੂਆਤ ਭਾਵੇਂ ਦੋ ਚਾਰ ਲਾਈਨਾਂ ਲਿਖਣ ਨਾਲ ਹੋਈ ਸੀ, ਫਿਰ ਮੇਰਾ ਪੰਜਾਬੀ ਲਿਖਣ ਵਿੱਚ ਐਨਾ ਜ਼ਿਆਦਾ ਮਨ ਖੁਭਿਆ ਕਿ ਅੱਜ ਤਕਰੀਬਨ 400 ਦੋਸਤਾਂ-ਮਿੱਤਰਾਂ, ਅਜ਼ੀਜ਼ਾਂ ਅਤੇ ਦੋ ਕਲੱਬ ਮੈਂਬਰ ਸਾਹਿਬਾਨ ਦੇ ਜਨਮ-ਦਿਨ ਕਾਰਡ ਵੀ ਲਿਖਣ ਦਾ ਮਾਣ ਪ੍ਰਾਪਤ ਹੈ। ਹਰ ਇੱਕ ਕਾਰਡ ਰੰਗਦਾਰ, ਪੂਰੇ ਇੱਕ ਸਫ਼ੇ ਦਾ ਹੁੰਦਾ, ਜਿਸ ਉੱਪਰ ਸਬੰਧਿਤ ਵਿਅਕਤੀ ਦੀ ਫੋਟੋ ਵੀ ਲਾਈ ਜਾਂਦੀ ਹੈ। ਮੇਰੇ ਇਸ ਸਫ਼ਰ ਬਾਰੇ ਆਪਣੇ ਕੀਮਤੀ ਸੁਝਾਅ ਜ਼ਰੂਰ ਭੇਜਣਾ। ਧੰਨਵਾਦੀ ਹੋਵਾਂਗਾ।

**-ਤਰਸੇਮ ਸਿੰਘ "ਕਰੀਰ"**

**ਮੈਲਬਰਨ, ਅਸਟ੍ਰੇਲੀਆ**

**ਫੋਨ ਨੰਬਰ:** +61447738291

**ਈ-ਮੇਲ:** kmc_moga@yahoo.com

# ਚੰਗੀਆਂ ਆਦਤਾਂ

ਕੁਝ ਸੱਜਣਾ ਮਿੱਤਰਾਂ ਦੀਆਂ ਆਦਤਾਂ ਹੀ ਅਜਿਹੀਆਂ ਹੁੰਦੀਆਂ ਹਨ ਕਿ ਉਹ ਨਾ ਚਾਹ ਕੇ ਵੀ ਝੂਠ ਬੋਲ ਜਾਂਦੇ ਹਨ। ਕਿਸੇ ਦੋਸਤ ਮਿੱਤਰ ਨੂੰ ਫ਼ੋਨ ਕਰੋ, ਤਾਂ ਫ਼ੋਨ ਉਹਨਾਂ ਦੇ ਹੱਥ ਵਿੱਚ ਹੀ ਹੁੰਦਾ ਹੈ ਪਰ ਚੁੱਕਣਾ ਨਹੀਂ ਅਤੇ ਜੇਕਰ ਕਿਸੇ ਦੂਸਰੇ ਜ਼ਰੀਏ ਤੋਂ ਪਤਾ ਕਰੀਏ ਕਿ ਫ਼ੋਨ ਕਿਉਂ ਨਹੀਂ ਚੁੱਕਿਆ ਤਾਂ ਬਹਾਨਾ ਕੀ ਹੁੰਦੈ, "ਯਾਰ ਮੈਂ ਘਰ ਨਹੀਂ ਸੀ", ਸੈਰ ਤੇ ਗਿਆ ਸੀ ਜਾਂ ਕੋਈ ਘਰ ਦਾ ਸਮਾਨ ਲੈਣ ਲਈ ਗਿਆ ਸੀ ਜਾਂ ਫਿਰ ਉਹ ਯਾਰ ਘੰਟੀ ਵੱਜੀ ਦਾ ਪਤਾ ਹੀ ਨਹੀਂ ਲੱਗਿਆ। ਹੋਰ ਵੀ ਹੁੰਦਾ, ਜੇਕਰ ਫ਼ੋਨ ਚੁੱਕ ਵੀ ਲਿਆ ਤਾਂ ਅਹਿਸਤਾ ਜਿਹੇ, ਯਾਰ ਮੈਂ ਕਿਤੇ ਵਿਅਸਤ ਹਾਂ, ਤੈਨੂੰ ਦਸ ਮਿੰਟ ਬਾਅਦ ਫੋਨ ਕਰਦਾ ਹਾਂ, ਦਸ ਮਿੰਟ ਕਦੇ-ਕਦੇ ਕਈ ਦਿਨ ਵੀ ਹੋ ਜਾਂਦੇ ਹਨ। ਓਹ ਰੱਬ ਦਾ ਵਾਸਤਾ ਲੋਕੋ, ਛੋਟੀ ਜਿਹੀ ਗੱਲ 'ਤੇ ਝੂਠ ਕਿਉਂ ਬੋਲਦੇ ਹੋ। ਜੇਕਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਆਪਣੇ ਜੁਆਕਾਂ ਤੋਂ ਕੀ ਉਮੀਦ ਕਰੋਗੇ, ਉਹ ਤਾਂ ਤੁਹਾਡੇ ਵੀ ਪਿਓ ਹਨ। ਘੱਟੋ ਘੱਟ ਬਹਾਨਾ ਹੀ ਲਾਉਣਾ ਹੈ ਤਾਂ ਚੱਜਦਾ ਤਾਂ ਲਾਓ, ਜਿਹੜਾ ਅਗਲਾ ਬੰਦਾ ਵੀ ਮੰਨ ਲਵੇ।

ਸਾਨੂੰ ਝੂਠ ਬੋਲਣੇ ਛੱਡ ਦੇਣੇ ਚਾਹੀਦੇ ਹਨ, ਜੇਕਰ ਕਿਸੇ ਦਾ ਫੋਨ ਆਉਂਦਾ ਹੈ ਤਾਂ ਕੋਸ਼ਿਸ਼ ਕਰੋ ਕਿ ਜ਼ਰੂਰ ਜਵਾਬ ਦੇਵੋ ਅਤੇ ਸਹੀ ਢੰਗ ਨਾਲ ਦੇਵੋ। ਇਸ ਤਰ੍ਹਾਂ ਕਰਨ ਨਾਲ ਤੁਹਾਡਾ ਰੁਤਬਾ ਘਟਦਾ ਨਹੀਂ ਸਗੋਂ ਵੱਡਾ ਹੋਵੇਗਾ। ਕਦੇ ਇਹ ਵੀ ਸੋਚੋ ਕਿ ਜੇਕਰ ਤੁਹਾਨੂੰ ਕੋਈ ਫ਼ੋਨ ਕਰ ਰਿਹਾ ਹੈ ਤਾਂ ਹੋ ਸਕਦਾ ਹੈ ਕਿ ਉਹ ਤੁਹਾਨੂੰ ਕਿਸੇ ਆਉਣ ਵਾਲੀ ਆਫ਼ਤ ਤੋਂ ਆਗਾਹ ਕਰ ਰਿਹਾ ਹੋਵੇ, ਕੋਈ ਤੁਹਾਡੇ ਫਾਇਦੇ ਦੀ ਗੱਲ ਹੀ ਦੱਸਣੀ ਚਾਹੁੰਦਾ ਹੋਵੇ, ਹੋ ਸਕਦਾ ਹੈ ਤੁਹਾਡੇ ਕਿਸੇ ਨਜ਼ਦੀਕੀ ਦੀ ਦੁਰਘਟਨਾ ਦੀ ਖ਼ਬਰ ਦੇਣੀ ਚਾਹੁੰਦਾ ਹੋਵੇ, ਕੁਝ ਵੀ ਸੰਭਵ ਹੋ ਸਕਦਾ ਹੈ।

ਮੈਂ ਉਮੀਦ ਕਰਦਾ ਹਾਂ ਕਿ ਅਸੀਂ ਛੋਟੀ-ਛੋਟੀ ਗੱਲ 'ਤੇ ਝੂਠ ਬੋਲਣ ਤੋਂ ਗੁਰੇਜ਼ ਕਰੀਏ ਇਸ ਤਰ੍ਹਾਂ ਅਸੀਂ ਦੂਸਰੇ ਸਾਥੀਆਂ ਦੀਆਂ ਨਜ਼ਰਾਂ ਵਿੱਚ ਆਪਣਾ ਕੱਦ ਉੱਚਾ ਕਰਾਂਗੇ ਨਾਂ ਕਿ ਘਟਾਵਾਂਗੇ। ਦੇਖਦੇ ਹਾਂ ਕਿੰਨੇ ਕੁ ਢੀਠ ਇਨਸਾਨ ਇਸ ਗੱਲ 'ਤੇ ਅਸਰ ਕਰਦੇ ਹਨ।

✲✲✲

# ਫਰਕ ਹੈ, ਢਾਬੇ ਅਤੇ ਹੋਟਲ ਦਾ

ਚਾਰ ਦੋਸਤ ਇਕੱਠੇ ਹੋ ਕੇ ਕਈ ਵਾਰ ਹਫ਼ਤੇ ਦੇ ਆਖਰੀ ਦਿਨ ਕਿਸੇ ਹੋਟਲ ਆਦਿ ਵਿੱਚ ਬੈਠ, ਦੋ ਚਾਰ ਪੈੱਗ ਲਾ ਕੇ ਹਫਤਾ ਬੀਤਣ ਦੀ ਖੁਸ਼ੀ ਮਨਾ ਲਿਆ ਕਰਦੇ ਸਨ। ਅੱਜ ਉਨ੍ਹਾਂ ਦਾ ਮਨ ਕੀਤਾ ਕਿ ਹੋਟਲ ਦੀ ਬਜਾਏ ਕਿਸੇ ਖੁੱਲ੍ਹੇ ਅਹਾਤੇ ਜਾਂ ਢਾਬੇ ਵਿੱਚ ਬੈਠਿਆ ਜਾਏ। ਅੱਜ ਚਾਰੇ ਨਿਕੰਮੇ ਦੋਸਤ ਰੇਲਵੇ ਰੋਡ ਮੋਗਾ ਵਿਖੇ ਇੱਕ ਢਾਬੇ ਵਿੱਚ ਜਾ ਬੈਠੇ। ਚਾਰ ਗਿਲਾਸ, ਪਾਣੀ, ਸੋਢਾ ਅਤੇ ਕੁਝ ਹੋਰ ਖਾਣ ਪੀਣ ਵਾਲਾ ਨਿੱਕ-ਸੁੱਕ ਮੰਗਵਾ ਲਿਆ। ਚਾਰ ਪੈੱਗ, ਚਾਰ ਗਲਾਸਾਂ ਵਿੱਚ ਪਾ ਕੇ ਅਜੇ ਰੱਖੇ ਹੀ ਸਨ ਕਿ ਪਾਸੇ ਤੇ ਖੜ੍ਹਾ ਇੱਕ ਹੋਰ ਜ਼ਰੂਰਤਮੰਦ ਸ਼ਰਾਬੀ, ਜਿਹੜਾ ਇਹ ਸਭ ਕੁਝ ਹੁੰਦਾ ਦੇਖ ਰਿਹਾ ਸੀ ਤਾਂ ਉਸ ਨੇ ਮੌਕਾ ਦੇਖ ਕੇ ਇੱਕ ਪੈੱਗ ਚੱਕਿਆ ਅਤੇ ਇੱਕੋ ਸਾਹ ਹੀ ਪੀ ਗਿਆ ਅਤੇ Thank you ਕਹਿ ਕੇ ਔਹ ਗਿਆ ਔਹ ਗਿਆ। ਚਾਰੇ ਦੋਸਤ ਇੱਕ ਦੂਸਰੇ ਵੱਲ ਮੂੰਹ ਤੱਕਦੇ ਹੀ ਰਹਿ ਗਏ। ਖ਼ੈਰ ਇੱਕ ਹੋਰ ਗਲਾਸ ਮੰਗਵਾ ਲਿਆ ਗਿਆ ਅਤੇ ਇੱਕ ਨਵਾਂ ਪੈੱਗ ਬਣਾਇਆ ਗਿਆ। ਚਾਰਾਂ ਨੇ ਆਪਣੇ-ਆਪਣੇ ਹਿੱਸੇ ਦੇ ਗਲਾਸ ਚੁੱਕੇ ਤੇ ਗੱਲੀਂ ਰੁੱਝ ਗਏ। ਉੱਥੇ ਹੀ ਅਹਾਤੇ ਵਿੱਚ ਇੱਕ ਹੋਰ ਮਜ਼ਦੂਰ ਇੱਕ ਪਊਆ ਲੈ ਕੇ ਆਇਆ ਅਤੇ ਉਸ ਨੇ ਅੱਧਾ ਪਊਆ ਇੱਕ ਗਲਾਸ ਵਿੱਚ ਪਾਇਆ ਤੇ ਅਜੇ ਉਹ ਬਾਕੀ ਸ਼ਰਾਬ ਸੰਭਾਲਣ ਲਈ ਢੱਕਣ ਬੰਦ ਹੀ ਕਰ ਰਿਹਾ ਸੀ ਕਿ ਓਹੀ ਪਹਿਲਾਂ ਵਾਲਾ ਸ਼ਰਾਬੀ ਅੰਦਰ ਆਇਆ ਤੇ ਉਸ ਦਾ ਪੈੱਗ ਚੁੱਕ ਕੇ ਪੀ ਗਿਆ ਤੇ ਉਸ ਨੂੰ ਵੀ Thank you ਕਹਿ ਕੇ ਤੁਰਦਾ ਬਣਿਆ। ਇਹ ਸਭ ਕੁਝ ਉਹਨਾਂ ਚਾਰੇ ਦੋਸਤਾਂ ਨੇ ਵੀ ਦੇਖ ਲਿਆ। ਇਹ ਚਾਰੇ ਤਾਂ ਕੁਝ ਨਹੀਂ ਬੋਲੇ ਪਰ ਉਹ ਵਿਚਾਰਾ ਮਜ਼ਦੂਰ ਬਹੁਤ ਕਲਪਿਆ। ਉਸਦੀ ਹਾਲਤ ਦੇਖ ਇਹਨਾਂ ਨੇ ਉਸ ਨੂੰ ਇੱਕ ਪਊਆ ਹੋਰ ਮੰਗਵਾ ਕੇ ਦੇ ਦਿੱਤਾ ਤਾਂ ਉਹ ਬਹੁਤ ਖੁਸ਼ ਹੋਇਆ। ਅੱਜ ਜੋ ਉਹਨਾਂ ਨਾਲ ਅਤੇ ਉਹਨਾਂ ਦੇ ਸਾਹਮਣੇ ਹੋਇਆ ਇਸ ਤੋਂ ਉਹਨਾਂ ਨੇ ਇਹ ਸਬਕ ਸਿੱਖਿਆ ਕਿ ਅੱਜ ਤੋਂ ਬਾਅਦ ਅਸੀਂ ਕਦੇ ਵੀ ਅਹਾਤੇ ਵਿੱਚ ਬੈਠ ਕੇ ਸ਼ਰਾਬ ਨਹੀਂ ਪੀਣੀ। ਇੱਕ ਤਾਂ ਇਹ ਉਹਨਾਂ ਦੇ ਸਟੈਂਡਰਡ ਅਨੁਸਾਰ ਨਹੀਂ ਸੀ ਦੂਸਰਾ ਜੋ ਉੱਥੇ ਲੋਕ ਇੱਕ ਦੂਸਰੇ ਨਾਲ ਵਿਹਾਰ ਕਰਦੇ ਹਨ, ਇਹ ਵੀ ਬਹੁਤਾ ਵਧੀਆ ਨਹੀਂ ਹੁੰਦਾ।

✲✲✲

# ਇੱਕ ਅਰਦਾਸ

ਗੁਰੂ ਨਾਨਕ ਸੱਚੇ ਪਾਤਸ਼ਾਹ, ਸਾਨੂੰ ਏਕਾ ਤੇ ਇਤਫਾਕ ਦੇ।
ਪਿਆਰ ਮੁਹੱਬਤ ਪਾਕ ਦੇ, ਰੋਜ਼ੀ ਰਿਜ਼ਕ ਰਿਜ਼ਾਕ ਦੇ।
ਕੁਝ ਪਾਣੀ ਸੁੱਚਾ ਸਾਫ ਦੇ, ਕੁਝ ਬਾਣੀ ਦਾ ਪਰਤਾਪ ਦੇ।
ਅੰਨਦਾਤੇ ਤੂੰ ਇਨਸਾਫ ਦੇ, ਮੱਤ ਪੱਤ ਹਵਾਲੇ ਆਪਦੇ।
ਗੁਰੂ ਨਾਨਕ ਸੱਚੇ ਪਾਤਸ਼ਾਹ, ਸਾਨੂੰ ਬਖਸ਼ ਦੇ, ਕਰ ਮਾਫ ਦੇ।
ਮਜ਼ਦੂਰਾਂ ਨੂੰ ਮਜ਼ਦੂਰੀਆਂ, ਦੇ ਸਭ ਨੂੰ ਸਬਰ ਸਬੂਰੀਆਂ।
ਕਰ ਨੇਕ ਮੁਰਾਦਾਂ ਪੂਰੀਆਂ, ਗਾਵਾਂ ਤੇ ਮੱਝਾਂ ਬੂਰੀਆਂ।
ਦੁੱਧ, ਘਿਉ, ਜਪੁਜੀ ਦਾ ਜਾਪ ਦੇ, ਹੱਥ ਜੋੜ ਤੁਸਾਂ ਨੂੰ ਆਖਦੇ।
ਸਾਨੂੰ ਬਖਸ਼ ਦੇ, ਕਰ ਮਾਫ ਦੇ।
ਅਸੀਂ ਕਲਯੁਗੀ ਜੀਅ ਸੰਸਾਰ ਦੇ, ਤੇ ਭਰੇ ਹੋਏ ਹੰਕਾਰ ਦੇ।
ਨਿੰਦਿਆ ਚੁਗਲੀ ਤੇ ਤੋਹਮਤਾਂ, ਵਿੱਚ ਟੱਕਰਾਂ ਫਿਰਦੇ ਮਾਰਦੇ।
ਤੁਸੀਂ ਲੱਖਾਂ ਹੀ ਦੁਨੀਆ ਤਾਰ'ਤੀ, ਇਸ ਮਰ ਜਾਣੇ ਨੂੰ ਵੀ ਤਾਰਦੇ।
ਇਹ ਸਾਰੀ ਦੁਨੀਆ ਤਾਰਦੇ, ਇਹ ਸਾਰੀ ਦੁਨੀਆ ਤਾਰਦੇ।
✲✲✲

*(ਕਿਸੇ ਨੇ ਇਹ ਕਵਿਤਾ ਗਾ ਕੇ ਭੇਜੀ ਹੈ, ਮੈਂ ਸਿਰਫ਼ ਉਸ ਨੂੰ ਲਿਖਤੀ ਰੂਪ ਦਿੱਤਾ ਹੈ।)*

# ਗੰਦੇ ਬੱਚੇ

ਸਾਡੇ ਇੱਕ ਉੱਚ ਅਧਿਕਾਰੀ ਦੀ ਮਾਤਾ ਦਾ ਦਿਹਾਂਤ ਹੋ ਗਿਆ ਅਤੇ ਅਸੀਂ ਤਿੰਨੇ ਨਿਕੰਮੇ ਦੋਸਤ ਦਾਸ, ਤਰਸੇਮ ਸਿੰਘ, ਬਲਵਿੰਦਰ ਸਿੰਘ ਅਤੇ ਨਰੇਸ਼ ਮੋਗਾ ਤੋਂ ਚੰਡੀਗੜ੍ਹ ਉਸ ਮਾਤਾ ਜੀ ਦੇ ਭੋਗ ਵਿੱਚ ਸ਼ਾਮਿਲ ਹੋਣ ਲਈ ਬੱਸ 'ਤੇ ਨਿੱਕਲ ਪਏ। ਹੁਣ ਤਾਂ ਉੱਚੀ ਗੱਲ ਕਰਨੀ ਅਤੇ ਸੁਣਨੀ ਵੀ ਔਖੀ ਹੈ ਪਰ ਉਸ ਵਕਤ ਰੌਲੇ ਦੇ ਮਾਹੌਲ ਵਿੱਚ ਜੀਅ ਲੱਗਦਾ ਸੀ। ਉਮਰ-ਉਮਰ ਦਾ ਫ਼ਰਕ ਹੈ। ਮਾਤਾ ਜੀ ਦੇ ਭੋਗ ਉਪਰੰਤ ਸਾਡਾ ਇੱਕ ਹੋਰ ਦੋਸਤ ਇਹ ਕਹਿ ਕੇ ਕਿ ਆਓ ਤੁਹਾਨੂੰ ਇੱਕ ਨਵੇਂ ਬਣੇ ਹੋਟਲ ਦੇ ਸਨੈਕ-ਬਾਰ ਵਿੱਚ ਲੈ ਕੇ ਚੱਲਦੇ ਹਾਂ ਜਿੱਥੇ ਤੁਹਾਨੂੰ ਕੁਝ ਸਨੈਕ ਖਲਾਉਣ-ਪਿਲਾਉਣ ਦਾ ਪ੍ਰੋਗਰਾਮ ਬਣਾਇਆ ਹੋਇਆ ਹੈ। ਸਨੈਕਸ ਵਗੈਰਾ ਖਾਣ ਤੋਂ ਬਾਅਦ ਉਸ ਦੋਸਤ ਨੇ ਕੱਚ ਦੀਆਂ ਬੋਤਲਾਂ ਵਾਲਾ ਕੋਕਾ ਕੋਲਾ ਮੰਗਵਾ ਲਿਆ। ਸਾਡੇ ਨਾਲ ਦੇ ਮੇਜ਼ ਤੇ ਇੱਕ ਢਾਈ ਤਿੰਨ ਸਾਲ ਦਾ ਬੱਚਾ ਆਪਣੀ ਮਾਂ ਨਾਲ ਬੈਠਾ ਅਨੰਦ ਮਾਣ ਰਿਹਾ ਸੀ ਕਿ ਉਸ ਦੀ ਨਿਗਾਹ ਕੋਕਾ ਕੋਲਾ ਦੀਆਂ ਬੋਤਲਾਂ ਉੱਪਰ ਪਈ ਤਾਂ ਉਹ ਬੱਚਾ ਮਾਂ ਦੇ ਸਾਹਮਣੇ ਜਿੱਦ ਕਰਨ ਲੱਗ ਪਿਆ, ਕਹਿੰਦਾ ਮੈਂ ਵੀ ਉਹ ਕਾਲੀ ਬੋਤਲ ਵਾਲਾ ਬੱਤਾ ਪੀਣਾ ਹੈ। ਬੱਚੇ ਦੇ ਦੋ ਚਾਰ ਵਾਰ ਕਹਿਣ'ਤੇ ਮਾਂ ਨੇ ਬੱਚੇ ਨੂੰ ਸਮਝਾਇਆ ਕਿ ਇਹ ਡਰਿੰਕ ਗੰਦੇ ਬੱਚੇ ਪੀਂਦੇ ਹਨ ਤੂੰ ਨਹੀਂ ਪੀ ਸਕਦਾ, ਕਿਉਂਕਿ ਤੂੰ ਇੱਕ ਬਹੁਤ ਅੱਛਾ ਬੱਚਾ ਹੈਂ। ਇਹ ਗੱਲ ਅਸੀਂ ਵੀ ਸੁਣ ਲਈ ਅਤੇ ਅਸੀਂ ਆਪਣੇ 'ਤੇ ਗੰਦੇ ਬੱਚਿਆਂ ਵਾਲਾ ਟੈਗ ਲੱਗਾ ਸੁਣ ਕੇ ਔਖੇ ਵੀ ਹੋਏ ਪਰ ਮੁਸਕਰਾਏ ਵੀ। ਇੰਨੇ ਸਮੇਂ ਨੂੰ ਉਸ ਬੱਚੇ ਦੀ ਮਾਤਾ ਨੇ ਵੀ ਭਾਂਪ ਲਿਆ ਕਿ ਸਾਨੂੰ ਇਹ ਸਭ ਕੁਝ ਸੁਣ ਗਿਆ ਹੈ, ਉਹ ਜਲਦੀ ਨਾਲ ਆਪਣਾ ਖਾਣਾ-ਪੀਣਾ ਸਮੇਟ ਕੇ ਬੱਚੇ ਨੂੰ ਲੈ ਕੇ ਚਲੀ ਗਈ, ਪਰ ਅਸੀਂ ਥੋੜ੍ਹਾ ਖੁੱਲ ਕੇ ਹੱਸੇ ਅਤੇ ਇੱਕ ਦੂਸਰੇ ਨੂੰ ਗੰਦਾ ਬੱਚਾ ਕਹਿ ਕੇ ਵੀ ਬੁਲਾਉਣ ਲੱਗ ਪਏ। ਉਸ ਰਾਤ ਅਸੀਂ ਚੰਡੀਗੜ੍ਹ ਦੇ ਅਰੋਮਾ ਹੋਟਲ ਵਿੱਚ ਰੁਕੇ ਅਤੇ ਅਗਲੀ ਸਵੇਰ ਨੂੰ ਵਾਪਿਸ ਆਉਣ ਲੱਗਿਆਂ ਅਸੀਂ ਚੰਡੀਗੜ੍ਹ ਤੋਂ ਹੀ ਆਪਣੀਆਂ ਕੱਲ ਵਾਲੀਆਂ ਗੱਲਾਂ ਅਤੇ ਹੋਟਲ ਦੀਆਂ ਯਾਦਾਂ ਤਾਜ਼ੀਆਂ ਕਰਨ ਵਿੱਚ ਪੂਰੇ ਮਸਤ ਸੀ ਪਰ ਸਾਨੂੰ ਨਹੀਂ ਸੀ ਪਤਾ ਕਿ ਸਾਡੇ ਪਿੱਛੇ ਵਾਲੀ ਸੀਟ ਤੇ ਇੱਕ ਪਿੰਡ ਦੀ ਪੜ੍ਹੀ-ਲਿਖੀ ਔਰਤ ਸਾਡੇ ਤੋਂ ਬਹੁਤ ਖ਼ਫ਼ਾ ਸੀ। ਉਸਦਾ ਵੀ ਸਬਰ ਵਾਲਾ ਬੰਨ੍ਹ ਲੁਧਿਆਣਾ ਆ ਕੇ ਟੁੱਟ ਹੀ ਗਿਆ ਜਦ ਉਹ

ਬੋਲ ਉੱਠੀ ਤੇ ਕਹਿੰਦੀ, "ਤੁਸੀਂ ਚੰਡੀਗੜ੍ਹ ਤੋਂ ਹੀ ਕੁੱਤੇ ਵਾਂਗੂੰ ਭੌਂਕੀ ਜਾਂਦੇ ਹੋ ਤੁਹਾਡੀ ਜ਼ੁਬਾਨ ਇੱਕ ਪਲ ਲਈ ਵੀ ਬੰਦ ਨਹੀਂ ਹੋਈ ਕਿਰਪਾ ਕਰਕੇ ਚੁੱਪ ਦਾ ਦਾਨ ਬਖਸ਼ੋ ਅਤੇ ਬਾਕੀ ਸਵਾਰੀਆਂ ਦਾ ਵੀ ਕੁਝ ਸੋਚੋ।" ਉਸ ਦੀਆਂ ਖਰੀਆਂ-ਖਰੀਆਂ ਸੁਣ ਕੇ ਅਸੀਂ ਇੱਕ ਦਮ ਚੁੱਪ ਇਸ ਤਰ੍ਹਾਂ ਹੋ ਗਏ ਜਿਸ ਤਰ੍ਹਾਂ ਸਾਡੇ ਮੂੰਹ ਵਿੱਚ ਜ਼ੁਬਾਨ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ ਤੇ ਅਸੀਂ ਮਹਿਸੂਸ ਕੀਤਾ ਕਿ ਉਹ ਠੀਕ ਹੀ ਤਾਂ ਕਹਿ ਰਹੀ ਸੀ।

ਸਾਡਾ ਮੋਗੇ ਤੱਕ ਦਾ ਸਫ਼ਰ ਉਸੇ ਚੁੱਪੀ 'ਚ ਹੀ ਬੀਤਿਆ ਅਤੇ ਕੋਕਾ ਕੋਲਾ ਵਾਲੀ ਔਰਤ ਦੇ ਕਹੇ ਹੋਏ ਸ਼ਬਦ ਸਾਨੂੰ ਵਾਰ-ਵਾਰ ਯਾਦ ਆ ਰਹੇ ਸਨ ਕਿ ਕੋਕਾ ਕੋਲਾ ਗੰਦੇ ਬੱਚੇ ਪੀਂਦੇ ਹਨ। ਅਸੀਂ ਗੰਦੇ ਬੱਚਿਆਂ ਵਾਲਾ ਟੈਗ ਲਗਵਾ ਕੇ ਸ਼ਾਮ ਨੂੰ ਆਪਣੇ-ਆਪਣੇ ਘਰ ਪਰਤ ਆਏ ਸੀ। ਇਹ ਇੱਕ ਨਾਂ ਭੁੱਲਣ ਵਾਲੀ ਘਟਨਾ ਸਾਨੂੰ ਅੱਜ ਵੀ ਉਸੇ ਤਰ੍ਹਾਂ ਯਾਦ ਹੈ ਅਤੇ ਜਦ ਕਦੀ ਅਸੀਂ ਇਕੱਠੇ ਹੁੰਦੇ ਹਾਂ ਤਾਂ ਉਹ ਗੰਦੇ ਬੱਚਿਆਂ ਵਾਲੀ ਘਟਨਾ ਜ਼ਰੂਰ ਯਾਦ ਕਰ ਲੈਂਦੇ ਹਾਂ।

✲✲✲

# ਪ੍ਰਮਾਤਮਾ ਦਾ ਵੱਟਾ

ਕੋਈ ਵਿਚਾਰਾ ਨਵੀਂ-ਨਵੀਂ ਕਾਰ ਖਰੀਦ ਕੇ ਪੂਰੀ ਤੇਜ਼ ਭਜਾ ਕੇ ਦੇਖ ਰਿਹਾ ਸੀ ਕਿ ਇਹ ਕਿੰਨੀ ਕੁ ਤੇਜ਼ ਭੱਜ ਸਕਦੀ ਹੈ। ਇੰਨੇ ਚਿਰ ਵਿੱਚ ਇੱਕ ਪਾਸੇ ਤੋਂ ਇੱਕ ਛੋਟਾ ਜਿਹਾ ਵੱਟਾ ਆ ਕੇ ਕਾਰ 'ਤੇ ਵੱਜਿਆ ਤਾਂ ਉਤਰ ਕੇ ਦੇਖਿਆ ਕਿ ਸੜਕ ਦੇ ਕਿਨਾਰੇ ਤੇ ਸਿਵਾਏ ਇੱਕ ਛੋਟੇ ਜਿਹੇ ਬੱਚੇ ਤੋਂ ਹੋਰ ਕੋਈ ਵੀ ਨਹੀਂ ਸੀ ਤੇ ਉਸ ਨੇ ਇਹ ਸੋਚਿਆ ਹੀ ਨਹੀਂ ਸੀ ਕਿ ਇੰਨਾ ਛੋਟਾ ਬੱਚਾ ਵੱਟਾ ਵੀ ਮਾਰੇਗਾ। ਜਿਉਂ ਹੀ ਉਹ ਉਸ ਜਵਾਕ ਦੇ ਕੋਲ ਪਹੁੰਚਿਆ ਤਾਂ ਉਸ ਜਵਾਕ ਨੇ ਹੱਥ ਜੋੜ ਲਏ ਅਤੇ ਮੁਆਫ਼ੀ ਮੰਗੀ ਅਤੇ ਕਿਹਾ ਕਿ ਵੱਟਾ ਉਸ ਨੇ ਹੀ ਮਾਰਿਆ ਹੈ। ਬੱਚਾ ਕਹਿਣ ਲੱਗਾ, ਮੈਨੂੰ ਇਸ ਲਈ ਮੁਆਫ਼ ਕਰ ਦੇਣਾ ਜੀ ਪ੍ਰੰਤੂ ਮੈਂ ਬੜੇ ਚਿਰਾਂ ਤੋਂ ਆਉਂਦੇ ਜਾਂਦੇ ਰਾਹੀਆਂ ਨੂੰ ਆਪਣੇ ਵਿੱਤ ਮੁਤਾਬਿਕ ਅਵਾਜ਼ ਲਗਾ ਰਿਹਾਂ ਹਾਂ ਪਰ ਕੋਈ ਮੇਰੀ ਆਵਾਜ਼ ਸੁਣ ਹੀ ਨਹੀਂ ਰਿਹਾ। ਮੇਰੀ ਛੋਟੀ ਭੈਣ ਦੀ ਵੀਲ੍ਹ-ਚੇਅਰ ਇੱਕ ਡੂੰਘੇ ਥਾਂ 'ਤੇ ਡਿੱਗ ਪਈ ਹੈ ਤੇ ਮੈਂ ਉਸ ਨੂੰ ਬਾਹਰ ਕੱਢਣ ਵਿੱਚ ਅਸਮਰੱਥ ਹਾਂ, ਇਸ ਲਈ ਮੈਂ ਰੋੜਾ ਮਾਰ ਕੇ ਹੀ ਰੋਕਣ ਦੀ ਕੋਸ਼ਿਸ਼ ਕੀਤੀ ਹੈ, ਇਸ ਗੁਸਤਾਖ਼ੀ ਲਈ ਮੁਆਫ਼ ਕਰ ਦੇਣਾ। ਉਸ ਇਨਸਾਨ ਨੇ ਆਪਣੀ ਕਾਰ ਇੱਕ ਪਾਸੇ ਪਾਰਕ ਕੀਤੀ, ਬੱਚੀ ਨੂੰ ਬਾਹਰ ਕੱਢਿਆ, ਬੱਚੇ ਨੂੰ ਕੁਝ ਵੀ ਕਹੇ ਬਿਨਾਂ ਹੀ ਚੱਲਦਾ ਬਣਿਆ। ਉਸ ਨੇ ਆਪਣੀ ਨਵੀਂ ਕਾਰ ਵਿੱਚ ਪਏ ਡੈਂਟ ਨੂੰ ਕਦੀ ਵੀ ਨਹੀਂ ਕਢਵਾਇਆ ਕਿਉਂਕਿ ਉਸ ਦਾ ਮੰਨਣਾ ਸੀ ਕਿ ਇਨਸਾਨ ਨੂੰ ਜ਼ਿੰਦਗੀ ਵਿੱਚ ਕਦੇ ਵੀ ਐਨਾ ਤੇਜ਼ ਅਤੇ ਬੇਧਿਆਨਾ ਹੋ ਕੇ ਨਹੀਂ ਚੱਲਣਾ ਚਾਹੀਦਾ ਕਿ ਕੋਈ ਆਪਣੀ ਤਕਲੀਫ਼ ਦੱਸਣ ਲਈ ਤੁਹਾਨੂੰ ਵੱਟਾ ਮਾਰਕੇ ਰੋਕੇ, ਖਾਸ ਤੌਰ ਤੇ ਉਸ ਉੱਪਰ ਵਾਲੇ ਪ੍ਰਮਾਤਮਾ ਦਾ ਵੱਟਾ ਤਾਂ ਝੱਲ ਹੀ ਨਹੀਂ ਹੋਣਾ।

✲✲✲

# ਸਹੀ ਸਮਾਂ, ਸਹੀ ਕਦਮ

ਨਰੇਸ਼ ਨੂੰ ਨਵੀਂ ਨੌਕਰੀ ’ਤੇ ਹਾਜ਼ਰ ਹੋਏ ਅਜੇ ਕੁਝ ਦਿਨ ਹੀ ਹੋਏ ਸਨ ਕਿ ਉਸਦੇ ਬੌਸ ਨੇ ਸ਼ਾਮ ਦੇ ਸਮੇਂ ਘਰ ਨੂੰ ਜਾਂਦੇ ਹੋਏ ਨਰੇਸ਼ ਨੂੰ ਰੋਕ ਕੇ ਆਪਣੇ ਪਾਸ ਬਿਠਾ ਲਿਆ ਅਤੇ ਆਪਣੀ ਕਹਾਣੀ ਦੱਸਣ ਲੱਗ ਪਿਆ। ਮੇਰੀ ਪਤਨੀ ਇੱਕ ਸਰਕਾਰੀ ਅਧਿਆਪਕ ਹੈ, ਮੈਂ ਇੱਥੇ ਸਾਰੀ ਦਿਹਾੜੀ ਬੈਂਕ ਵਿੱਚ ਲੰਘਾ ਦਿੰਦਾ ਹਾਂ, ਸਾਡਾ ਇੱਕੋ ਇੱਕ ਛੋਟਾ ਜਿਹਾ ਬੇਟਾ ਹੈ। ਉਸਦੀ ਸਮੱਸਿਆ ਇਹ ਹੈ ਕਿ ਉਹ ਘਰ ਆ ਕੇ ਸਿਵਾਏ ਖੇਡਣ ਤੋਂ ਹੋਰ ਕੁਝ ਵੀ ਨਹੀਂ ਕਰਦਾ, ਇੱਥੋਂ ਤੱਕ ਕਿ ਆਪਣੇ ਸਕੂਲ ਦਾ ਦਿੱਤਾ ਹੋਇਆ ਘਰ ਕਰਨ ਵਾਲਾ ਕੰਮ ਵੀ ਨਹੀਂ ਕਰਦਾ, ਜਿਸ ਕਰਕੇ ਸਾਨੂੰ ਬੜੀ ਸਮੱਸਿਆ ਹੈ। ਤੁਸੀਂ ਹੀ ਕੁਝ ਕਰੋ ਉਸਦਾ। ਨਰੇਸ਼ ਨੇ ਬੜੇ ਨਿਮਾਣੇ ਜਿਹੇ ਹੋ ਕੇ ਪੁੱਛਿਆ ਕਿ ਉਹ ਕੀ ਕਰ ਸਕਦਾ ਹੈ ਤਾਂ ਉਸਦੇ ਬੌਸ ਨੇ ਕਿਹਾ ਕਿ ਤੁਹਾਨੂੰ ਤੁਹਾਡਾ ਬਣਦਾ ਮਿਹਨਤਾਨਾ ਮਿਲੇਗਾ ਤੁਸੀਂ ਮੇਰੇ ਘਰ ਜਾ ਕੇ ਸ਼ਾਮ ਨੂੰ ਬੈਂਕ ਦੇ ਸਮੇਂ ਤੋਂ ਬਾਅਦ ਮੇਰੇ ਬੇਟੇ ਨੂੰ ਸਿਰਫ਼ ਉਸਦਾ ਸਕੂਲ ਦਾ ਦਿੱਤਾ ਹੋਇਆ ਘਰ ਕਰਨ ਵਾਲਾ ਕੰਮ ਹੀ ਕਰਾਉਣਾ ਹੈ।

ਠੀਕ ਹੈ, ਕਹਿ ਕੇ ਅਗਲੇ ਹੀ ਦਿਨ ਨਰੇਸ਼ ਸ਼ਾਮ ਨੂੰ ਆਪਣੇ ਬੌਸ ਦੇ ਦਿੱਤੇ ਹੋਏ ਸਮੇਂ ਤੇ ਘਰ ਪਹੁੰਚ ਗਿਆ। ਦੋਹਾਂ ਵਿੱਚ ਇਹ ਤਹਿ ਹੋਇਆ ਸੀ ਕਿ ਬੌਸ ਦੀ ਪਤਨੀ ਅਤੇ ਬੇਟੇ, ਦੋਹਾਂ ਨੂੰ ਹੀ ਨਹੀਂ ਪਤਾ ਲੱਗਣਾ ਚਾਹੀਦਾ ਕਿ ਉਹ ਬੈਂਕ ਵਿੱਚ ਨੌਕਰੀ ਕਰ ਰਿਹਾ ਹੈ ਨਹੀਂ ਤਾਂ ਉਸਦਾ ਇੱਕ ਅਧਿਆਪਕ ਵਾਲਾ ਰੋਹਬ ਨਹੀਂ ਬਣਨਾ।

ਪਹਿਲੇ ਦਿਨ ਜਦ ਨਰੇਸ਼ ਘਰ ਪੜ੍ਹਾਉਣ ਲਈ ਗਿਆ ਤਾਂ ਉਸ ਦੀ ਪਹਿਚਾਣ ਬੱਚੇ ਅਤੇ ਉਸਦੀ ਮਾਤਾ ਨਾਲ ਇੱਕ ਅਧਿਆਪਕ ਦੇ ਤੌਰ ਤੇ ਹੀ ਕਰਵਾਈ ਗਈ। ਰਸਮੀ ਗੱਲਬਾਤ ਤੋਂ ਬਾਅਦ ਨਰੇਸ਼ ਨੇ ਆਪਣੇ ਵਿਦਿਆਰਥੀ ਨੂੰ ਸਕੂਲ ਵਾਲਾ ਬੈਗ ਲਿਆਉਣ ਲਈ ਕਿਹਾ ਤਾਂ ਉਸ ਨੇ ਕਈ ਤਰ੍ਹਾਂ ਦੀ ਹੀਲ-ਹੁੱਜਤ ਕੀਤੀ, ਖ਼ੈਰ। ਪਹਿਲਾ ਦਿਨ ਸੀ ਨਰੇਸ਼ ਦਾ, ਸਭ ਕੁਝ ਸੁਣੀ ਗਿਆ। ਅਗਲੇ ਦਿਨ ਵੀ ਘਰ ਉਹੋ ਜਿਹਾ ਹੀ ਵਿਹਾਰ ਹੋ ਰਿਹਾ ਸੀ ਕਿਉਂਕਿ ਜਿਹੜੇ ਘੋੜੇ ਦੀ ਕਦੀ ਲਗਾਮ ਕੱਸੀ ਨਾਂ ਗਈ ਹੋਵੇ ਉਸਦੀ ਸਵਾਰੀ ਕਰਨੀ ਬਹੁਤ ਮੁਸ਼ਕਿਲ ਹੁੰਦੀ ਹੈ। ਕੋਸ਼ਿਸ਼ ਫੇਲ੍ਹ ਹੁੰਦੀ ਦੇਖ ਕੇ ਨਰੇਸ਼ ਨੇ ਹਿੰਮਤ ਕਰਕੇ ਬੱਚੇ ਦੀ ਮਾਤਾ ਨੂੰ ਕਮਰੇ ਵਿੱਚੋਂ ਬਾਹਰ ਜਾਣ ਲਈ ਕਿਹਾ ਅਤੇ ਕਮਰੇ ਦੀ ਕੁੰਡੀ ਲਗਾ ਦਿੱਤੀ। ਬੱਚੇ ਨੂੰ ਪਿਆਰ ਨਾਲ ਬੈਗ ਖੋਲ੍ਹਣ ਲਈ ਕਿਹਾ ਤਾਂ ਉਹ ਪਹਿਲਾਂ ਦੀ ਤਰ੍ਹਾਂ ਹੀ ਅੜੀਅਲ ਸੀ, ਨਰੇਸ਼ ਨੇ ਪੂਰੀ ਹਿੰਮਤ ਜੁਟਾਈ ਅਤੇ ਆ

ਦੇਖਿਆ ਨਾਂ ਤਾ, ਇਕ ਥੱਪੜ ਪੂਰੇ ਜ਼ੋਰ ਦੀ ਬੱਚੇ ਦੀ ਗੱਲ੍ਹ ’ਤੇ ਦੇ ਧਰਿਆ ਤੇ ਨਾਲ ਹੀ ਦੂਸਰੇ ਪਾਸਿਓਂ ਪੂਰੇ ਜ਼ੋਰ ਦੀ ਚੀਕ਼ ਨਿਕਲੀ, ਦਰਵਾਜ਼ਾ ਖੋਲ੍ਹ ਦਿੱਤਾ ਅਤੇ ਨਾਲ ਹੀ ਦੁਬਾਰਾ ਬੈਗ ਖੋਲ੍ਹਣ ਲਈ ਕਿਹਾ ਅਤੇ ਅਗਲੇ ਹੀ ਪਲ ਬੈਗ ਖੁੱਲ੍ਹ ਵੀ ਗਿਆ, ਜਿਹੜਾ ਵੀ ਪਾਠ ਪੜ੍ਹਨ ਲਈ ਅਤੇ ਜਿਹੜਾ ਵੀ ਕੰਮ ਕਰਨ ਲਈ ਕਿਹਾ ਜਾਂਦਾ, ਇੱਕ ਪਲ ਤੋਂ ਪਹਿਲਾਂ ਹੋਣਾ ਸ਼ੁਰੂ ਹੋ ਗਿਆ। ਜਾਦੂ ਕੰਮ ਕਰ ਗਿਆ।

ਅਗਲੇ ਦਿਨ ਤੋਂ ਨਰੇਸ਼ ਦੇ ਘਰੇ ਆਉਣ ਤੋਂ ਪਹਿਲਾਂ ਹੀ ਬੱਚਾ ਆਪਣੇ ਕਮਰੇ ਵਿੱਚ ਬੈਗ ਖੋਲ੍ਹ ਕੇ ਬੈਠਾ ਹੁੰਦਾ ਅਤੇ ਹਰ ਰੋਜ਼ ਸਕੂਲ ਦਾ ਕੰਮ ਬਹੁਤ ਜਲਦੀ-ਜਲਦੀ ਹੋਣਾ ਸ਼ੁਰੂ ਹੋ ਗਿਆ। ਨਤੀਜਾ ਇਹ ਹੋਇਆ ਕਿ ਜਿਹੜਾ ਬੱਚਾ ਆਪਣੇ ਸਕੂਲ ਦਾ ਕੰਮ ਨਹੀਂ ਸੀ ਕਰਦਾ ਹੁਣ ਉਹ ਬੱਚਾ ਆਪਣੀ ਕਲਾਸ ਵਿਚੋਂ ਅੱਵਲ ਆਇਆ। ਸਕੂਲ ਵਾਲੇ ਵੀ ਹੈਰਾਨ ਸੀ ਕਿ ਇਹ ਕ੍ਰਿਸ਼ਮਾ ਕਿਵੇਂ ਵਾਪਰਿਆ ਅਤੇ ਨਰੇਸ਼ ਦੀ ਮੰਗ ਹੋਰ ਵੀ ਕਈ ਬੱਚਿਆਂ ਲਈ ਵਧ ਗਈ। ਉਸ ਸਮੇਂ ’ਤੇ ਲੱਗੀ ਇੱਕ ਚਪੇੜ ਇਹ ਰੰਗ ਲਿਆਈ ਕਿ ਉਸਦਾ ਵਿਦਿਆਰਥੀ ਸਕੂਲ, ਕਾਲਜ ਅਤੇ ਮਹਾਂਵਿਦਿਆਲਾ ਪੜ੍ਹ ਕੇ ਬੈਂਕ ਵਿੱਚ ਬਤੌਰ ਮੈਨੇਜਰ ਲੱਗਿਆ ਅਤੇ ਅੱਜ ਕੈਨੇਡਾ ਵਿੱਚ ਪਰਿਵਾਰ ਸਮੇਤ ਬਹੁਤ ਵਧੀਆ ਜੀਵਨ ਬਤੀਤ ਕਰ ਰਿਹਾ ਹੈ। ਸਾਨੂੰ ਸਹੀ ਸਮੇਂ ਤੇ ਹੀ ਸਹੀ ਕਦਮ ਚੁੱਕ ਲੈਣਾ ਚਾਹੀਦਾ ਹੈ।

✲✲✲

# ਇਨਸਾਨੀਅਤ ਅਜੇ ਜਿੰਦਾ ਹੈ

ਇੱਕ ਇਨਸਾਨ, ਜਿਸ ਦਾ ਅੱਜ ਤੋਂ ਗਿਆਰਾਂ ਸਾਲ ਪਹਿਲਾਂ ਡਾਕਟਰ ਸਾਹਿਬ ਨੇ ਓਪਰੇਸ਼ਨ ਕੀਤਾ ਸੀ ਅਤੇ ਉਸ ਸਮੇਂ ਆਪਣੀ ਅਸਮਰੱਥਾ ਜ਼ਾਹਰ ਕਰਕੇ ਇਹ ਸਖ਼ਸ਼ ਚਲਾ ਗਿਆ ਪ੍ਰੰਤੂ ਹੁਣ ਗਿਆਰਾਂ ਸਾਲ ਬਾਦ ਬਣਦੇ ਪੈਸੇ ਡਾਕਟਰ ਸਾਹਿਬ ਨੂੰ ਦੇਣ ਲਈ ਹਰਿਦੁਆਰ ਤੋਂ ਚੱਲ ਕੇ ਪੰਜਾਬ ਆਇਆ। ਇਨਸਾਨ ਅਜੇ ਵੀ ਬਹੁਤ ਹਨ ਜਿਨ੍ਹਾਂ ਨੂੰ ਅਸੀਂ ਇਮਾਨਦਾਰ ਕਹਿ ਸਕਦੇ ਹਾਂ। ਮੇਰੇ ਨਾਲ ਵੀ ਇੱਕ ਅਜਿਹਾ ਹੀ ਵਾਕਿਆ ਹੋਇਆ ਸੀ ਤਕਰੀਬਨ ਅੱਜ ਤੋਂ ਕੋਈ 12-13 ਸਾਲ ਪਹਿਲਾਂ। ਮੈਂ ਉਸ ਸਮੇਂ ਨਿਊਜ਼ੀਲੈਂਡ ਵਿਖੇ ਟੈਕਸੀ ਚਲਾਉਂਦਾ ਸੀ ਕਿ ਇੱਕ ਅਸਟ੍ਰੇਲੀਆ ਜਾਣ ਵਾਲਾ ਗੋਰਾ ਮਿਲਿਆ ਜਿਹੜਾ ਗੱਲਬਾਤ ਤੋਂ ਪਤਾ ਲੱਗਦਾ ਸੀ ਕਿ ਵਧੀਆ ਕਾਰੋਬਾਰੀ ਇਨਸਾਨ ਹੈ।

ਸੜਕ 'ਤੇ ਜ਼ਿਆਦਾ ਟ੍ਰੈਫਿਕ ਹੋਣ ਕਾਰਨ ਉਸ ਦੀ ਫਲਾਈਟ ਲੇਟ ਹੋਣ ਦੇ ਆਸਾਰ ਕਾਫ਼ੀ ਸਨ। ਜਦ ਅਸੀਂ ਏਅਰਪੋਰਟ ਪਹੁੰਚੇ ਤਾਂ ਸਿਰਫ਼ ਆਖਿਰ ਵਾਲੇ ਪਲ ਹੀ ਰਹਿੰਦੇ ਸਨ ਜਿਹੜੇ ਕੋਈ ਏਅਰ ਲਾਈਨ ਇੰਤਜ਼ਾਰ ਕਰਦੀ ਹੈ। ਉਸ ਦਾ ਕਿਰਾਇਆ ਤਕਰੀਬਨ $90.00 ਬਣਦਾ ਸੀ। ਜੇਕਰ ਮੈਂ ਉਸ ਤੋਂ ਪੈਸੇ ਉਸਦੇ ਕ੍ਰੈਡਿਟ ਕਾਰਡ ਰਾਹੀਂ ਹਾਸਲ ਕਰਨ ਦੀ ਕੋਸ਼ਿਸ਼ ਕਰਦਾ ਤਾਂ ਉਸਦੀ ਫਲਾਈਟ ਖੁੰਝ ਸਕਦੀ ਸੀ। ਮੈਂ ਉਸ ਨੂੰ ਆਪਣਾ ਕਾਰੋਬਾਰੀ ਕਾਰਡ ਦਿੱਤਾ ਅਤੇ ਕਿਹਾ ਕਿ ਜੇਕਰ ਮੇਰੇ ਪੈਸੇ ਹੱਕ ਸੱਚ ਦੇ ਹਨ ਅਤੇ ਤੁਸੀਂ ਇੱਕ ਇਮਾਨਦਾਰ ਇਨਸਾਨ ਹੋ, ਤਾਂ ਤੁਸੀਂ ਅਸਟ੍ਰੇਲੀਆ ਪਹੁੰਚ ਕੇ ਮੈਨੂੰ ਮੇਰੀ ਈਮੇਲ ਦੁਆਰਾ ਸੰਪਰਕ ਕਰ ਲੈਣਾ ਤਾਂ ਮੈਂ ਤੁਹਾਨੂੰ ਆਪਣੀ ਬੈਂਕ ਦਾ ਵੇਰਵਾ ਦੇ ਦੇਵਾਂਗਾ। ਉਸਨੇ ਏਅਰਪੋਰਟ ਦੇ ਅੰਦਰ ਜਾ ਕੇ ਪਹਿਲਾਂ ਮੈਨੂੰ ਫੋਨ ਕੀਤਾ ਅਤੇ ਧੰਨਵਾਦ ਵੀ ਕੀਤਾ ਕਿ ਮੇਰੀ ਇਸ ਪਹਿਲ ਕਦਮੀ ਕਰਕੇ ਉਸਨੂੰ ਫਲਾਈਟ ਮਿਲ ਗਈ ਹੈ ਕਿਉਂਕਿ ਉਸ ਦੀ ਬੁਕਿੰਗ ਬਿਜਨੈਸ ਕਲਾਸ ਸੀ। ਅਗਲੇ ਹੀ ਦਿਨ ਉਸਦੀ ਈਮੇਲ ਆਈ ਜਿਸ ਵਿਚ ਉਸਨੇ ਮੇਰੇ ਬੈਂਕ ਖਾਤੇ ਦੇ ਵੇਰਵੇ ਮੰਗੇ। ਉਸ ਤੋਂ ਅਗਲੇ ਹੀ ਦਿਨ ਉਸਨੇ ਮੇਰੇ ਬੈਂਕ ਖਾਤੇ ਵਿੱਚ $120.00 ਪਾ ਦਿੱਤੇ। ਇਨਸਾਨੀਅਤ ਅਜੇ ਜਿੰਦਾ ਹੈ। ਆਓ ਇਨਸਾਨ ਬਣੀਏ।

✲✲✲

# ਇੱਕ ਸੀ ਰਾਜਾ

ਇੱਕ ਸੀ ਰਾਜਾ, ਜਿਸ ਦੇ ਰਾਜ ਵਿੱਚ ਸਾਰੇ ਨਿਵਾਸੀ ਬਹੁਤ ਖੁਸ਼, ਪ੍ਰਸੰਨ ਸਨ। ਰਾਜਾ ਬਹੁਤ ਧਾਰਮਿਕ ਖਿਆਲਾਂ ਵਾਲਾ ਸੀ ਅਤੇ ਆਪਣੀ ਪਰਜਾ ਦੇ ਹਰ ਸੁਖ ਸਹੂਲਤ ਦਾ ਧਿਆਨ ਰੱਖਦਾ ਸੀ। ਉਸਦੇ ਇਸ ਵਤੀਰੇ ਤੋਂ ਪ੍ਰਭੂ ਬਹੁਤ ਖੁਸ਼ ਹੋਏ, ਇੱਕ ਦਿਨ ਪ੍ਰਤੱਖ ਦਰਸ਼ਨ ਦੇ ਕੇ ਕਿਹਾ ਕਿ ਮੈਂ ਤੇਰੀ ਪਰਜਾ ਦੇ ਪ੍ਰਤੀ ਭਾਵਨਾ ਅਤੇ ਧਾਰਮਿਕ ਵਿਚਾਰਾਂ ਕਰਕੇ ਬਹੁਤ ਖੁਸ਼ ਹਾਂ ਤੂੰ ਜੇਕਰ ਕੁੱਝ ਮੰਗਣਾ ਹੈ ਤਾਂ ਮੰਗ ਲੈ। ਰਾਜਾ, ਕਿਉਂਕਿ ਆਪਣੀ ਪਰਜਾ ਦਾ ਬਹੁਤ ਧਿਆਨ ਰੱਖਦਾ ਸੀ ਉਸ ਨੇ ਭਗਵਾਨ ਦੇ ਸਾਹਮਣੇ ਬੇਨਤੀ ਕੀਤੀ ਕਿ ਪ੍ਰਭੂ ਜੀ ਮੇਰੇ ਰਾਜ ਵਿੱਚ ਤੁਸੀਂ ਬਹੁਤ ਕੁਝ ਦਿੱਤਾ ਹੋਇਆ ਹੈ ਕਿਰਪਾ ਕਰਕੇ ਮੇਰੀ ਪਰਜਾ ਨੂੰ ਵੀ ਆਪਣੇ ਸਾਖਿਆਤ ਦਰਸ਼ਨ ਦੇਵੋ। ਪ੍ਰਭੂ ਨੇ ਕਿਹਾ, “ਇਹ ਨਹੀਂ ਹੋ ਸਕਦਾ, ਤੂੰ ਕੁਝ ਹੋਰ ਮੰਗ ਮੰਗ ਲੈ।” ਰਾਜਾ ਨੇ ਕਿਹਾ, “ਨਹੀਂ ਪ੍ਰਭੂ ਜੀ, ਤੁਸੀਂ ਪਰਜਾ ਨੂੰ ਜ਼ਰੂਰ ਦਰਸ਼ਨ ਦਿਓ।” ਕਿਉਂਕਿ ਪ੍ਰਭੂ ਹਮੇਸ਼ਾਂ ਤੋਂ ਹੀ ਆਪਣੇ ਭਗਤਾਂ ਦੀ ਲਾਜ਼ ਰੱਖਦਾ ਆਇਆ ਹੈ ਇਸ ਲਈ ਭਗਵਾਨ ਨੇ ਕਿਹਾ ਕਿ ਠੀਕ ਹੈ ਅੱਜ ਤੋਂ ਚਾਰ ਦਿਨ ਬਾਅਦ ਸਾਹਮਣੇ ਵਾਲੀ ਪਹਾੜੀ ’ਤੇ ਤੁਸੀਂ ਆਪਣੀ ਪਰਜਾ ਨੂੰ ਲੈ ਕੇ ਜਾਣਾ ਉੱਥੇ ਉਹਨਾਂ ਨੂੰ ਦਰਸ਼ਨ ਦੇਵਾਗਾਂ।

ਰਾਜਾ ਬੇਹੱਦ ਪ੍ਰਸੰਨ ਹੋਇਆ ਅਤੇ ਆਪਣੇ ਵਜ਼ੀਰਾਂ ਅਤੇ ਏਲਚੀਆਂ ਰਾਹੀਂ ਸਾਰੇ ਰਾਜ ਵਿੱਚ ਢੰਡੋਰਾ ਪਿਟਵਾ ਦਿੱਤਾ ਕਿ ਇਸ ਦਿਨ ਸਾਰੇ ਹੀ ਰਾਜ ਦੇ ਵਾਸੀ ਇੱਕ ਥਾਂ ’ਤੇ ਇਕੱਠੇ ਹੋਣ ਅਤੇ ਉੱਥੋਂ ਸਾਰੇ ਹੀ ਸਾਹਮਣੇ ਵਾਲੀ ਪਹਾੜੀ ਤੇ ਰਾਜਾ ਦੇ ਨਾਲ ਹੀ ਭਗਵਾਨ ਦੇ ਦਰਸ਼ਨਾਂ ਲਈ ਜਾਣਗੇ। ਮਿਥੇ ਸਮੇਂ ਤੇ ਸਾਰੇ ਲੋਕ ਰਾਜੇ ਦੀ ਅਗਵਾਈ ਵਿੱਚ ਉਸ ਪਹਾੜੀ ਵੱਲ ਨੂੰ ਚੱਲ ਪਏ। ਰਾਹ ਵਿੱਚ ਇੱਕ ਤਾਂਬੇ ਦਾ ਪਹਾੜ ਦੇਖਿਆ ਤਾਂ ਤਕਰੀਬਨ ਅੱਧੇ ਕੁ ਲੋਕੀ ਤਾਂਬਾ ਇਕੱਠਾ ਕਰਕੇ ਵਾਪਿਸ ਮੁੜ ਆਏ। ਥੋੜ੍ਹਾ ਹੋਰ ਅੱਗੇ ਗਏ ਤਾਂ ਕੀ ਦੇਖਦੇ ਹਨ ਕਿ ਚਾਂਦੀ ਦਾ ਪਹਾੜ ਨਜ਼ਰ ਆਇਆ, ਕੁਝ ਲੋਕ ਚਾਂਦੀ ਚੁੱਕ ਕੇ ਵਾਪਿਸ ਮੁੜ ਆਏ। ਰਾਜੇ ਨੇ ਨਿਗਾਹ ਮਾਰੀ ਤਾਂ ਦੇਖਿਆ ਕਿ ਅੱਧੇ ਤੋਂ ਵੱਧ ਲੋਕ ਤਾਂ ਵਾਪਿਸ ਪਰਤ ਗਏ। ਅੱਗੇ ਚੱਲ ਕੇ ਇੱਕ ਸੋਨੇ ਦਾ ਪਹਾੜ ਆਇਆ ਤਾਂ ਬਾਕੀ ਰਹਿੰਦੇ 10-12 ਪ੍ਰਤੀਸ਼ਤ ਵੀ ਵਾਪਿਸ ਮੁੜ ਆਏ। ਅਖੀਰ ਵਿੱਚ ਰਹਿ ਗਏ ਰਾਜਾ ਤੇ ਰਾਣੀ। ਰਾਜਾ ਨੇ ਰਾਣੀ ਨੂੰ ਕਿਹਾ ਕਿ ਦੇਖ ਆਪਾਂ ਦੋਵੇਂ ਹੀ ਕਿੰਨੇ ਖੁਸ਼ ਕਿਸਮਤ ਰਹਿ ਗਏ ਹਾਂ ਜੋ ਭਗਵਾਨ ਦੇ ਦਰਸ਼ਨ ਕਰ ਸਕਾਂਗੇ। ਰਾਣੀ ਨੇ ਵੀ ਹਾਂ ਵਿੱਚ

ਸਿਰ ਹਿਲਾਇਆ। ਥੋੜ੍ਹਾ ਅੱਗੇ ਗਏ ਤਾਂ ਕੀ ਦੇਖਦੇ ਹਨ ਕਿ ਹੀਰਿਆਂ ਦੇ ਅੰਬਾਰ ਲੱਗੇ ਹੋਏ ਹਨ, ਰਾਣੀ ਦੀ ਵੀ ਨੀਅਤ ਬਦਲ ਗਈ ਅਤੇ ਉਹ ਵੀ ਹੀਰੇ ਜਵਾਹਰਾਤ ਲੈ ਕੇ ਰਾਜੇ ਦਾ ਸਾਥ ਛੱਡ ਕੇ ਵਾਪਿਸ ਮਹਿਲੀਂ ਆ ਗਈ। ਰਾਜਾ ਬੜਾ ਸ਼ਰਮਸ਼ਾਰ ਹੋਇਆ ਅਤੇ ਭਗਵਾਨ ਦੇ ਸਾਹਮਣੇ ਪੇਸ਼ ਹੋਇਆ। ਭਗਵਾਨ ਨੇ ਸਾਰੀ ਪਰਜਾ ਬਾਰੇ ਪੁੱਛਿਆ ਕਿ ਕਿੱਥੇ ਹੈ ਰਾਜਾ ਦੀ ਪਰਜਾ? ਤਾਂ ਰਾਜਾ ਨੇ ਸਾਰੀ ਕਹਾਣੀ ਸੁਣਾਈ ਅਤੇ ਹੱਥ ਜੋੜ ਕੇ ਮੁਆਫ਼ੀ ਵੀ ਮੰਗੀ ਤਾਂ ਭਗਵਾਨ ਨੇ ਹੱਸ ਕੇ ਕਿਹਾ ਕਿ ਰਾਜਾ ਮੈਨੂੰ ਇਹ ਸਭ ਕੁਝ ਪਤਾ ਸੀ ਇਸੇ ਲਈ ਮੈਂ ਤੈਨੂੰ ਮਨ੍ਹਾ ਕਰ ਰਿਹਾ ਸੀ। ਭਗਵਾਨ ਨੇ ਰਾਜਾ ਨੂੰ ਦੱਸਿਆ ਕਿ ਹਰ ਕੋਈ ਮੇਰੇ ਦਰਸ਼ਨ ਨਹੀਂ ਕਰ ਸਕਦਾ ਸਿਰਫ਼ ਉਹ ਹੀ ਕਰ ਸਕਦੇ ਹਨ ਜਿਹੜੇ ਸੰਸਾਰੀ ਮੋਹ-ਮਾਇਆ ਤੋਂ ਉੱਪਰ ਉੱਠਦੇ ਹਨ।

ਆਓ ਕੋਸ਼ਿਸ਼ ਕਰੀਏ ਕਿ ਅਸੀਂ ਇਸ ਮੋਹ-ਮਾਇਆ ਦੇ ਜੰਜਾਲ ਤੋਂ ਜਿੰਨਾ ਕੁ ਦੂਰ ਹੋ ਸਕਦੇ ਹਾਂ, ਜ਼ਰੂਰ ਹੋਣ ਦੀ ਕੋਸ਼ਿਸ਼ ਕਰੀਏ।

✲✲✲

# ਮੈਂ ਫ਼ਰਿਸ਼ਤਾ ਦੇਖਿਆ

ਪੰਜ-ਛੇ ਸਾਲ ਪਹਿਲਾਂ ਦਾ ਵਾਕਿਆ ਹੈ ਕਿ ਅਸੀਂ ਮੋਗੇ ਤੋਂ ਦਿੱਲੀ ਵੱਲ ਨੂੰ ਜਾ ਰਹੇ ਸੀ ਕਿਉਂਕਿ ਸਾਡੀ ਫਲਾਈਟ ਦਿੱਲੀ ਤੋਂ ਸੀ। ਘਰੋਂ ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਦੇ ਅੱਗੇ ਅਰਦਾਸ ਕਰਕੇ ਤੁਰੇ ਸੀ। ਵੈਨ ਡਰਾਈਵਰ ਨੇ ਆਪਣੀ ਟੌਲ ਦੀ ਬੱਚਤ ਕਰਨ ਲਈ ਸਿੱਧਾ ਲੁਧਿਆਣਾ ਵਿੱਚ ਦੀ ਨਾਂ ਜਾ ਕੇ ਜੀਂਦ-ਪਾਤੜਾਂ ਦਾ ਰਸਤਾ ਚੁਣਿਆ। ਤੜਕਸਾਰ ਤਕਰੀਬਨ ਤਿੰਨ-ਚਾਰ ਦਾ ਸਮਾਂ ਸੀ ਕਿ ਸਾਡੀ ਵੈਨ ਦਾ ਟਾਇਰ ਪੰਚਰ ਹੋ ਗਿਆ ਜਦ ਪੁੱਛਿਆ ਗਿਆ ਤਾਂ ਪਤਾ ਚੱਲਿਆ ਕਿ ਡਰਾਈਵਰ ਕੋਲ ਸਟਿਪਣੀ ਵੀ ਨਹੀਂ ਸੀ। ਅਸੀਂ ਹਰਿਆਣਾ ਦੇ ਸ਼ਹਿਰ ਜੀਂਦ ਵਿੱਚ ਦੀ ਲੰਘ ਰਹੇ ਸੀ। ਮੇਨ ਸੜਕ ਤੇ ਅਸੀਂ ਚਾਰੇ ਲਾਈਟਾਂ ਲਾ ਕੇ ਇੱਕ ਪਾਸੇ ਖੜ੍ਹ ਗਏ। ਕੋਈ ਦੋਧੀ ਜਿਹੜਾ ਸਵੇਰ ਵੇਲੇ ਦੁੱਧ ਚਵਾਉਣ ਲਈ ਘਰੋਂ ਨਿੱਕਲਿਆ ਹੀ ਸੀ ਕਿ ਸਾਡੀ ਹਾਲਤ ਨੂੰ ਸਮਝਦਾ ਹੋਇਆ ਸਾਡੇ ਪਾਸ ਆ ਕੇ ਰੁਕਿਆ ਅਤੇ ਸਾਰਾ ਕੁਝ ਜਾਨਣ ਤੋਂ ਬਾਅਦ ਕਿਹਾ ਕਿ ਮੈਨੂੰ ਪੰਜ ਮਿੰਟ ਦੇਵੋ ਮੈਂ ਵਾਪਿਸ ਆਇਆ। ਸਾਡਾ ਕਿਹੜਾ ਕੋਈ ਉਸ 'ਤੇ ਜ਼ੋਰ ਸੀ ਜਾਂ ਕੋਈ ਹੱਕ ਸੀ ਕਿ ਅਸੀਂ ਉਸ ਨੂੰ ਕੋਈ ਸਵਾਲ ਜਵਾਬ ਕਰਦੇ।

ਖ਼ੈਰ ਪੰਜ ਸੱਤ ਮਿੰਟ ਬਾਅਦ ਉਹ ਵਾਪਿਸ ਆਇਆ ਅਤੇ ਡਰਾਈਵਰ ਨੂੰ ਪੰਚਰ ਹੋਏ ਚੱਕੇ ਸਮੇਤ ਆਪਣੇ ਮੋਟਰਸਾਈਕਲ 'ਤੇ ਬਿਠਾਇਆ ਅਤੇ ਸ਼ਹਿਰ ਦੇ ਪੰਚਰ ਲਾਉਣ ਵਾਲੀ ਦੁਕਾਨ ਤੇ ਲੈ ਗਿਆ। ਅਸੀਂ ਸਾਰੇ ਹੈਰਾਨ ਕਿ ਸਵੇਰੇ ਚਾਰ ਵਜੇ ਕਿਹੜੀ ਦੁਕਾਨ ਖੁੱਲ੍ਹੀ ਹੋਵੇਗੀ। ਉਸ ਨੇ ਦੁਕਾਨਦਾਰ ਨੂੰ ਫ਼ੋਨ ਕਰਕੇ ਘਰੋਂ ਉਠਾਇਆ ਅਤੇ ਤਕਰੀਬਨ ਅੱਧੇ ਕੁ ਘੰਟੇ ਬਾਅਦ ਟਾਇਰ ਟਿਊਬ ਪੰਚਰ ਲਗਵਾ ਕੇ ਵਾਪਿਸ ਆ ਗਿਆ। ਸਿਰਫ਼ ਇੰਨਾ ਹੀ ਨਹੀਂ ਡਰਾਈਵਰ ਦੀ ਟਾਇਰ ਫਿੱਟ ਕਰਨ ਵਿੱਚ ਮੱਦਦ ਵੀ ਕੀਤੀ। ਅਸੀਂ ਆਪਣੇ ਰਸਤੇ 'ਤੇ ਅੱਗੇ ਚੱਲ ਪਏ ਅਤੇ ਉਸ ਉੱਪਰ ਵਾਲੇ ਪ੍ਰਮਾਤਮਾ ਦਾ ਲੱਖ-ਲੱਖ ਸ਼ੁਕਰ ਕੀਤਾ।

ਇਸੇ ਤਰ੍ਹਾਂ ਅੱਜ ਤੋਂ ਤਕਰੀਬਨ 36-37 ਸਾਲ ਪਹਿਲਾਂ ਜਦ ਸਾਡਾ ਘਰ ਬਣ ਰਿਹਾ ਸੀ ਤਾਂ ਉਸ ਵੇਲੇ ਵੀ ਇੱਕ ਇੰਝ ਦਾ ਹੀ ਵਾਕਿਆ ਹੋਇਆ। ਅਸੀਂ ਭਾਰਤੀ ਲੋਕ ਵਿਆਹਾਂ ਅਤੇ ਘਰਾਂ ਤੇ ਹਮੇਸ਼ਾਂ ਹੀ ਆਪਣੇ ਵਿਤੋਂ ਬਾਹਰਾ ਖਰਚ ਕਰਦੇ ਹਾਂ। ਘਰ ਠੇਕੇ ਤੇ ਬਣ ਰਿਹਾ ਸੀ। ਸਵੇਰ ਵੇਲੇ ਮਿਸਤਰੀ ਨੇ ਕੰਮ ਸ਼ੁਰੂ ਕਰਦੇ ਹੀ ਕਿਹਾ ਸੀ ਕਿ ਸਰਦਾਰ ਜੀ ਸ਼ਾਮ ਨੂੰ 10000 ਰੁਪਏ ਚਾਹੀਦੇ ਹਨ ਕਿਉਂਕਿ ਮਜ਼ਦੂਰਾਂ ਨੂੰ ਦੇਣੇ ਹਨ।

ਠੀਕ ਹੈ ਮਿਸਤਰੀ ਜੀ, ਕਹਿ ਕੇ ਮੈਂ ਬੈਂਕ ਚਲਾ ਗਿਆ ਪ੍ਰੰਤੂ ਮੇਰਾ ਧਿਆਨ ਇਸੇ

ਗੱਲ ਵਿੱਚ ਕਿ ਸ਼ਾਮ ਨੂੰ ਮਿਸਤਰੀ ਜੀ ਨੂੰ ਕੀ ਜਵਾਬ ਦੇਵਾਂਗਾ। ਉਸ ਦਿਨ ਬੈਂਕ ਅਕਾਊਂਟ ਵਿੱਚ ਅਤੇ ਨਕਦ ਕੁੱਲ 100 ਰੁਪਏ ਸਨ। ਸ਼ਾਮ ਹੋਣ ਤੋਂ ਪਹਿਲਾਂ ਹੀ ਮੇਰੇ ਇੱਕ ਸ਼ੁਭ-ਚਿੰਤਕ, ਬੈਂਕ ਦੇ ਹੀ ਸਾਥੀ ਦਾ ਫੋਨ ਆਇਆ ਕਿ ਸ਼ਾਮ ਨੂੰ ਆ ਕੇ ਘਰੋਂ 10000 ਰੁਪਏ ਲੈ ਜਾਣਾ, ਤੇਰੀ ਮੱਦਦ ਕਰਨੀ ਹੈ। ਤੁਸੀਂ ਸਾਰੇ ਆਪ ਹੀ ਫੈਸਲਾ ਕਰ ਸਕਦੇ ਹੋ ਕਿ ਦੋਨੋਂ ਹੀ ਸਥਿਤੀਆਂ ਮੇਰੇ ਲਈ ਬਹੁਤ ਹੀ ਇਮਤਿਹਾਨ ਦੀਆਂ ਘੜੀਆਂ ਸਨ ਪ੍ਰੰਤੂ ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਆਪਣੇ ਸੇਵਕਾਂ ਨੂੰ ਕਦੇ ਵੀ ਦੁਬਿਧਾ ਵਿੱਚ ਨਹੀਂ ਪੈਣ ਦਿੰਦੇ ਅਤੇ ਹਰ ਵਕਤ ਅੰਗ ਸੰਗ ਸਹਾਈ ਹੁੰਦੇ ਹਨ। ਜ਼ਰੂਰਤ ਹੈ ਸਿਰਫ਼ ਅਤੇ ਸਿਰਫ਼ ਵਿਸ਼ਵਾਸ ਦੀ। ਜਦ ਅਸੀਂ ਆਪਣੀ ਓਟ ਉਸ ਗੁਰੂ 'ਤੇ ਹੀ ਸੁੱਟ ਦਿੱਤੀ ਹੈ ਤਾਂ ਫ਼ਿਕਰ ਵੀ ਓਸੇ ਨੂੰ ਹੈ ਅਤੇ ਉਹ ਤੁਹਾਡੀ ਬਾਂਹ ਫੜ ਕੇ ਪਾਰ ਵੀ ਲਗਾਉਣਗੇ। ਪ੍ਰਮਾਤਮਾ ਇਨਸਾਨਾਂ ਵਿੱਚ ਹੀ ਤਾਂ ਵਸਦਾ ਹੈ ਅਤੇ ਪ੍ਰਮਾਤਮਾ ਆਪਣਾ ਹੀ ਕੋਈ ਦੂਤ ਤੁਹਾਡੀ ਮੁਸੀਬਤ ਵੇਲੇ ਘੱਲਦਾ ਹੈ।

ਅੱਜ ਤੋਂ ਛੇ ਸਾਲ ਪਹਿਲਾਂ ਮੈਂ ਅਜੇ ਨਵਾਂ ਹੀ ਸਾਂ ਇਸ ਮੈਲਬਰਨ ਸ਼ਹਿਰ ਵਿੱਚ ਕਿ ਮੇਰੀ ਕਾਰ ਸ਼ਹਿਰ ਵਿੱਚ ਪੰਚਰ ਹੋ ਗਈ। ਮੈਂ ਸੜਕ ਦੇ ਇਕ ਪਾਸੇ ਆਪਣੀ ਕਾਰ ਪਾਰਕ ਕਰਕੇ ਟਾਇਰ ਬਦਲਣ ਹੀ ਲੱਗਾ ਸੀ ਕਿ ਇੱਕ ਵੱਡੀ ਸਾਰੀ ਗੱਡੀ ਵਿੱਚ ਇੱਕ ਰੱਬ ਦਾ ਬੰਦਾ, ਇੱਕ ਨੇਕ ਇਨਸਾਨ ਮੇਰੇ ਨਜ਼ਦੀਕ ਆ ਕੇ ਮੈਨੂੰ ਮੇਰੇ ਰੁਕਣ ਦਾ ਕਾਰਨ ਜਾਣ ਕੇ ਆਪਣੀ ਵੱਡੀ ਗੱਡੀ ਇੱਕ ਪਾਸੇ ਖੜੀ ਕਰਕੇ ਮੇਰੇ ਕੋਲ ਆਇਆ ਅਤੇ ਮੈਨੂੰ ਪਾਸੇ ਹੋ ਜਾਣ ਲਈ ਕਿਹਾ। ਮੈਂ ਪਾਸੇ ਹਟ ਗਿਆ ਅਤੇ ਉਸ ਨੇ ਮੇਰੀ ਕਾਰ ਦਾ ਟਾਇਰ ਖੋਲ੍ਹਿਆ, ਦੂਸਰਾ ਠੀਕ ਟਾਇਰ ਕਾਰ ਦੇ Boot ਚੋਂ ਕੱਢਿਆ ਫਿੱਟ ਕੀਤਾ, ਪੰਚਰ ਟਾਇਰ ਵਾਪਿਸ ਕਾਰ ਦੇ Boot ਵਿੱਚ ਰੱਖ ਕੇ Boot ਬੰਦ ਕੀਤਾ ਅਤੇ Bye bye ਕਰਕੇ ਔਹ ਗਿਆ ਔਹ ਗਿਆ। ਮੈਂ ਹੈਰਾਨ ਸੀ ਕਿ ਇਸ ਇਨਸਾਨ ਨਾਲ ਮੇਰਾ ਕਿਹੜਾ ਅਤੇ ਕਿਸ ਜਨਮ ਦਾ ਰਿਸ਼ਤਾ ਸੀ, ਸੋਚ ਸੋਚ ਕੇ ਉਸ ਉੱਪਰ ਵਾਲੇ ਦਾ ਸ਼ੁਕਰਾਨਾ ਕਰਨ ਲਈ ਢੁਕਵੇਂ ਸ਼ਬਦ ਨਹੀਂ ਸਨ ਔੜ ਰਹੇ। ਕਿਸ ਨੇ ਭੇਜਿਆ ਹੋਵੇਗਾ ਇਸ ਇਨਸਾਨ ਨੂੰ?

ਇਹ ਤਾਂ ਛੇ ਸਾਲ ਪਹਿਲਾਂ ਦਾ ਵਾਕਿਆ ਹੈ ਪ੍ਰੰਤੂ ਬਾਅਦ 'ਚ ਫਿਰ ਇਸੇ ਤਰ੍ਹਾਂ ਦਾ ਵਾਕਿਆ ਹੋਇਆ। ਸ਼ਹਿਰ ਵਿੱਚ ਦੀ ਜਾ ਰਿਹਾ ਸੀ ਕਿ ਮੇਰੀ ਕਾਰ ਦੀ ਪੈਟਰੋਲ ਟੈਂਕ ਦਾ ਢੱਕਣ ਖੁੱਲਾ ਸੀ। ਇਹ ਦੱਸ ਕੇ ਲੰਘਣ ਵਾਲੇ ਤਾਂ ਬਹੁਤ ਮਿਲਦੇ ਹਨ ਪ੍ਰੰਤੂ ਕੋਈ ਆਪਣੀ ਕਾਰ ਵਿਚੋਂ ਉੱਤਰ ਕੇ ਢੱਕਣ ਬੰਦ ਕਰਨ ਵਾਲੇ ਮੈਂ ਨਹੀਂ ਦੇਖੇ ਜਾਂ ਸੁਣੇ। ਉਸ ਸਖ਼ਸ਼ ਨੇ ਮੇਰੇ ਬਰਾਬਰ ਕਾਰ ਲਿਆ ਕੇ ਪਹਿਲਾਂ ਦੱਸਿਆ ਅਤੇ ਜਿਉਂ ਹੀ ਅੱਗੇ ਲਾਲ ਬੱਤੀ ਤੇ ਗੱਡੀਆਂ ਰੁਕੀਆਂ ਤਾਂ ਉਸ ਨੇ ਆਪਣੀ ਗੱਡੀ ਰੋਕ ਕੇ ਥੱਲੇ ਉੱਤਰ ਕੇ ਪੈਟਰੋਲ ਟੈਂਕ ਦਾ ਢੱਕਣ ਬੰਦ ਕੀਤਾ ਅਤੇ ਔਹ ਗਿਆ ਔਹ ਗਿਆ।

ਕੀ ਇਹ ਫਰਿਸ਼ਤੇ ਨਹੀਂ ਕਹੇ ਜਾ ਸਕਦੇ ਜੋ ਇਸ ਤਰ੍ਹਾਂ ਜ਼ਰੂਰਤ ਵੇਲੇ ਕਿਸੇ ਦੇ ਕੰਮ ਆਉਂਦੇ ਹਨ। ਪ੍ਰਮਾਤਮਾ ਦਾ ਸ਼ੁਕਰ ਕਿਸ ਤਰ੍ਹਾਂ ਕੀਤਾ ਜਾਵੇ ਜਿਹੜਾ ਗਾਹੇ ਵਗਾਹੇ ਸਾਡੇ ਅੱਗੇ ਪਿੱਛੇ ਸਾਡੀ ਰੱਖਿਆ ਲਈ, ਸਾਡੇ ਅਧੂਰੇ ਕੰਮ ਪੂਰੇ ਕਰਨ ਲਈ

ਅਤੇ ਸਾਡੀ ਹਰ ਵੇਲੇ ਮੱਦਦ ਕਰਨ ਲਈ ਤਤਪਰ ਰਹਿੰਦਾ ਹੈ। ਇਨਸਾਨੀਅਤ ਅਜੇ ਜ਼ਿੰਦਾ ਹੈ, ਇਹ ਸਭ ਕੁਝ ਇਸੇ ਗੱਲ ਦਾ ਪ੍ਰਤੀਕ ਹੈ। "ਕਰਮ ਕੀਏ ਜਾ ਫ਼ਲ ਕੀ ਇੱਛਾ ਮਤ ਕਰ ਐ ਇਨਸਾਨ ਜੈਸੇ ਕਰਮ ਕਰੇਗੇ ਵੈਸਾ ਫ਼ਲ ਦੇਗਾ ਭਗਵਾਨ, ਯੇਹ ਹੈ ਗੀਤਾ ਕਾ ਗਿਆਨ।"

ਜਿੱਥੇ ਮੌਕਾ ਮਿਲੇ, ਕਿਸੇ ਲੋੜਵੰਦ ਦੀ ਮੱਦਦ ਕਰਦੇ ਜਾਓ ਅਤੇ ਆਪਣੇ ਆਉਣ ਵਾਲੇ ਸੰਭਾਵੀ ਸੰਕਟਮਈ ਸਮੇਂ ਲਈ ਰਾਹ ਪੱਧਰਾ ਕਰਦੇ ਜਾਓ।

✲✲✲

# ਜ਼ਿੰਦਗੀ

ਦੂਸਰੇ ਨੂੰ ਕਹਿਣ ਬੜਾ ਸੌਖਾ ਹੈ ਪ੍ਰੰਤੂ ਜੇਕਰ ਆਪ ਤੋਂ ਗ਼ਲਤੀ ਹੋ ਜਾਏ ਤਾਂ ਸੌ ਬਹਾਨੇ ਅਤੇ ਲਿੱਚ ਗੜਿੱਚੀਆਂ। ਖਾਸ ਤੌਰ ’ਤੇ ਆਪਣੀ ਪਤਨੀ ਨੂੰ ਆਦਮੀ ਕਹਿਣ ਲੱਗਾ ਰਾਸ਼ਨ ਪਾਣੀ ਲੈ ਕੇ ਚੜ੍ਹ ਜਾਂਦਾ ਹੈ। ਇਨਸਾਨ ਹੈ, ਗਲਤੀ ਤਾਂ ਹੋਵੇਗੀ ਹੀ। ਗਲਤੀ ਵੀ ਉਹੀ ਕਰੇਗਾ ਜਿਹੜਾ ਕੰਮ ਕਰੇਗਾ, ਜਿਸ ਨੇ ਹੱਥ ’ਤੇ ਹੱਥ ਧਰ ਕੇ ਬਹਿ ਹੀ ਰਹਿਣਾ ਹੈ ਉਹ ਗ਼ਲਤੀ ਸੁਆਹ ਕਰੇਗਾ। ਕਈ ਵਾਰੀ ਜੇਕਰ ਚਾਹ ਵਿੱਚ ਮਿੱਠਾ, ਪੱਤੀ ਆਦਿ ਪਾਉਣਾ ਸਰਦਾਰਨੀ ਭੁੱਲ ਜਾਵੇ ਤਾਂ ਉਸ ਨੂੰ ਪਿਆਰ ਨਾਲ, ਆਰਾਮ ਨਾਲ ਕਹਿ ਵੀ ਦੇਈਦਾ ਹੈ। ਜੇਕਰ ਸਰਦਾਰਨੀ ਕਿਧਰੇ ਵਿਅਸਤ ਹੋਵੇ ਤਾਂ ਆਪ ਵੀ ਚੀਜ਼ ਚੁੱਕ ਲਈ ਦੀ ਹੈ। ਅੱਜ ਕਿਸੇ ਕਾਰਨ ਮੈਨੂੰ ਸਵੇਰ ਦੀ ਚਾਹ ਆਪਣੇ ਆਪ ਬਣਾਉਣੀ ਪਈ ਤਾਂ ਮੈਂ ਉਸ ਵਿੱਚ ਪੱਤੀ ਦੀ ਪੁੜੀ ਸੁੱਟਣੀ ਭੁੱਲ ਗਿਆ। ਦੇਖਿਆ ਰੰਗ ਚਿੱਟਾ ਜਿਹਾ ਹੀ ਹੈ ਤਾਂ ਧਿਆਨ ਆਇਆ ਕਿ ਰੰਗ ਲਾਲ ਕਰਨ ਵਾਲੀ ਨਾਗਣੀ ਤਾਂ ਵਿੱਚ ਪਾਈ ਹੀ ਨਹੀਂ। ਫਿਰ ਖਿਆਲ ਆਇਆ ਕਿ ਕੱਲ ਵੀ ਚਾਹ ਮੈਂ ਬਿਨਾਂ ਪੱਤੀ ਦੀ ਹੀ ਪੀਤੀ ਸੀ ਕਿਉਂਕਿ ਕੱਲ ਵੀ ਚਾਹ ਮੈਨੂੰ ਹੀ ਬਣਾਉਣੀ ਪਈ ਸੀ। ਆਮ ਤੌਰ ਤੇ ਤਾਂ ਜਨਾਨੀਆਂ ਮਰਦਾਂ ਨੂੰ ਕੋਈ ਰਸੋਈ ਦਾ ਕੰਮ ਕਰਨ ਹੀ ਨਹੀਂ ਦਿੰਦੀਆਂ ਕਿਉਂਕਿ ਉਨ੍ਹਾਂ ਦਾ ਤਰਕ ਹੁੰਦਾ ਹੈ ਕਿ ਆਦਮੀ ਨੇ ਇੱਕ ਕੱਪ ਚਾਹ ਬਣਾਉਣੀ ਹੁੰਦੀ ਹੈ ਤਾਂ ਦਸ ਭਾਂਡੇ ਲਿਬੇੜ ਦਿੰਦਾ ਹੈ, ਉਸ ਤੋਂ ਚੰਗਾ ਆਪ ਹੀ ਬਣਾ ਕੇ ਦਿੱਤੀ ਜਾਵੇ।

ਉਮਰ ਦਾ ਤਕਾਜ਼ਾ ਹੈ, ਸਾਰਿਆਂ ਦਾ ਹੀ ਇਹੀ ਹਾਲ ਹੈ ਕੋਈ ਮੰਨਦਾ ਹੈ ਕੋਈ ਐਵੇਂ ਹੀ ਫੋਕੀ ਟੌਹਰ ਬਣਾਈ ਜਾਂਦਾ ਹੈ। ਜ਼ਿੰਦਗੀ ਦੇ ਸੁਖਾਵੀਂ ਤਰ੍ਹਾਂ ਚੱਲਣ ਲਈ ਜ਼ਰੂਰੀ ਹੈ ਕਿ ਆਪਣੇ ਸਾਥੀ ਦਾ ਸਾਥ ਦਿੱਤਾ ਜਾਵੇ ਅਤੇ ਅਜਿਹੀਆਂ ਮਾੜੀਆਂ ਮੋਟੀਆਂ ਗੱਲਾਂ ਦਾ ਕੋਈ ਵੱਡਾ ਇਸ਼ੂ ਨਾ ਬਣਾਈਏ ਤਾਂ ਕਿ ਜਿਹੜੀ ਚਾਰ ਦਿਨ ਦੀ ਜ਼ਿੰਦਗੀ ਬਚੀ ਹੈ ਉਸ ਨੂੰ ਸਕੂਨ ਨਾਲ ਜਿਉਂ ਲਿਆ ਜਾਵੇ।

ਮੇਰੀ ਇਹੀ ਰਾਇ ਹੈ ਜੀ ਜਿਸ ਨੇ ਮੰਨਣਾ, ਮੰਨ ਲਵੇ ਜਿਹੜੇ ਨਹੀਂ ਮੰਨਦੇ ਉਹ ਖਾਈ ਜਾਣ ਬਲੱਡ ਪਰੈਸ਼ਰ ਦੀਆਂ ਗੋਲੀਆਂ।

✲✲✲

# ਸਤੁੰਸ਼ਟੀ

ਆਦਮੀ ਸੰਤੁਸ਼ਟ, ਪੇਟ ਭਰ ਕੇ ਖਾਣ ਨਾਲ ਨਹੀਂ ਹੁੰਦਾ, ਸਗੋਂ ਨੀਅਤ ਭਰਨ ’ਤੇ ਤ੍ਰਿਪਤ ਹੁੰਦਾ ਹੈ। ਮੈਨੂੰ ਯਾਦ ਹੈ ਜਦ ਅਸੀਂ ਅਜੇ ਛੋਟੇ ਬੱਚੇ ਹੀ ਸੀ ਅਤੇ ਸਕੂਲ ਵਿੱਚ ਪੜ੍ਹਦੇ ਹੁੰਦੇ ਸੀ ਤਾਂ ਜੇਕਰ ਕੋਈ ਮਹਿਮਾਨ, ਖ਼ਾਸ ਕਰਕੇ ਕੈਨੇਡਾ ਤੋਂ ਆਉਣਾ ਹੁੰਦਾ ਤਾਂ ਘਰਦਿਆਂ ਨੇ ਕਹਿਣਾ, ਦੁਕਾਨ ਤੋਂ ਕੋਕਾ ਕੋਲਾ ਦੀ ਬੋਤਲ ਫੜ ਕੇ ਲਿਆਓ। ਮਹਿਮਾਨ ਦੇ ਆਉਣ ਦੀ ਖ਼ੁਸ਼ੀ ਤਾਂ ਘਰ ਵਾਲਿਆਂ ਨੂੰ ਹੁੰਦੀ ਸੀ, ਸਾਨੂੰ ਬੱਚਿਆਂ ਨੂੰ ਇਸ ਕਰਕੇ ਖੁਸ਼ੀ ਹੁੰਦੀ ਸੀ ਕਿ ਕਦ ਮਹਿਮਾਨ ਜਾਵੇ ਅਤੇ ਬਚੀ ਹੋਈ ਕੋਕਾ ਕੋਲਾ ਦੀ ਬੋਤਲ ਵਿਚਲਾ ਸੋਢਾ ਸਾਨੂੰ ਬੱਚਿਆਂ ਨੂੰ ਥੋੜ੍ਹਾ-ਥੋੜ੍ਹਾ ਗਲਾਸਾਂ ਵਿੱਚ ਪਾ ਕੇ ਮਿਲੇ। ਇੱਕ ਜਾਤੀ ਤਜ਼ੁਰਬਾ ਸਾਂਝਾ ਕਰਨਾ ਚਾਹਾਂਗਾ, ਇਹ ਕਹਾਣੀ ਸਿਰਫ਼ ਮੇਰੀ ਹੀ ਨਹੀਂ ਸਗੋਂ ਸਾਡੇ ਹਾਣ ਦੇ ਸਾਰੇ ਸਾਥੀਆਂ ਦੀ ਹੀ ਹੈ। ਸਾਡੇ ਬੱਚੇ ਜਦ ਪਹਿਲੀ ਵਾਰ ਨਿਊਜ਼ੀਲੈਂਡ ਦੀ ਧਰਤੀ ’ਤੇ ਪਹੁੰਚੇ ਤਾਂ ਸਾਡੀ ਗਰੋਸਰੀ ਦੀ ਸ਼ੌਪਿੰਗ ਦਾ ਤੀਜਾ ਹਿੱਸਾ ਕੇਵਲ ਤੇ ਕੇਵਲ ਕੋਕ, ਪੈਪਸੀ ਆਦਿ ਅਤੇ ਆਈਸ ਕਰੀਮ ਦੀ ਖਰੀਦ ’ਤੇ ਹੀ ਖ਼ਰਚ ਹੁੰਦਾ। ਇਹ ਸਿਲਸਿਲਾ ਕੋਈ ਤਿੰਨ-ਚਾਰ ਮਹੀਨੇ ਤੱਕ ਚੱਲਿਆ ਤੇ ਉਸ ਤੋਂ ਬਾਅਦ ਆਈਸ ਕਰੀਮ ਖਾ-ਖਾ ਕੇ ਅਤੇ ਕੋਕ ਪੀ-ਪੀ ਕੇ ਬੱਚਿਆਂ ਦਾ ਮੂੰਹ ਮੁੜ ਗਿਆ ਤਾਂ ਇਨ੍ਹਾਂ ਨੇ ਇਸ ਸਭ ਕੁਝ ਵੱਲ ਦੇਖਣਾ ਵੀ ਬੰਦ ਕਰ ਦਿੱਤਾ।

ਇਨਸਾਨ ਦੀ ਸੰਤੁਸ਼ਟੀ ਪੇਟ ਭਰ ਕੇ ਖਾਣ ਨਾਲ ਨਹੀਂ, ਸਗੋਂ ਨੀਅਤ ਭਰਨ ਨਾਲ਼ ਹੁੰਦੀ ਹੈ। ਉਹੀ ਬੱਚੇ ਹਨ ਜਿਹੜੇ ਹੁਣ ਕਦੇ ਇਹਨਾਂ ਚੀਜ਼ਾਂ ਵੱਲ ਧਿਆਨ ਵੀ ਨਹੀਂ ਦਿੰਦੇ। ਸਾਨੂੰ ਆਪਣੀ ਨੀਅਤ ਭਰ ਲੈਣੀ ਚਾਹੀਦੀ ਹੈ ਨਾ ਕਿ ਪੇਟ।

✲✲✲

# ਗੁਰਦੁਆਰਾ-ਬੱਚਿਆਂ ਦੀ ਨਜ਼ਰ ’ਚ

ਅਸੀਂ ਜਦ ਵੀ ਸਮਾਂ ਮਿਲਦਾ ਹੈ ਗੁਰਦੁਆਰਾ ਸਾਹਿਬ ਜਾਣ ਦਾ ਸੁਭਾਗ ਪ੍ਰਾਪਤ ਕਰਦੇ ਹਾਂ। ਹਾਲ ਹੀ ਵਿੱਚ ਸਾਡਾ ਢਾਈ ਸਾਲਾ ਦਾ ਪੋਤਰਾ ਗੁਰਦੁਆਰਾ ਸਾਹਿਬ ਗਿਆ। ਬੱਚਿਆਂ ਲਈ ਤਾਂ ਗੁਰਦੁਆਰਾ ਖਾਣ-ਪੀਣ ਦੇ ਅਸਥਾਨ ਤੋਂ ਵੱਧ ਹੋਰ ਕੁਝ ਵੀ ਨਹੀਂ ਹੁੰਦਾ। ਅੱਗੇ ਵੀ ਬਹੁਤ ਵਾਰ ਸਾਡੇ ਨਾਲ ਗਿਆ ਹੋਣ ਕਰਕੇ ਉਸਨੂੰ ਬਿਲਡਿੰਗ ਦੀ ਪਹਿਚਾਣ ਹੈ। ਅਸੀਂ ਜਿਉਂ ਹੀ ਗੱਡੀ ਗੁਰਦੁਆਰਾ ਸਾਹਿਬ ਦੀ ਪਾਰਕਿੰਗ ਵਿੱਚ ਲੈ ਕੇ ਗਏ ਤਾਂ ਦੂਰੋਂ ਹੀ ਕਹਿਣ ਲੱਗ ਪਿਆ, “ਰੋਟੀ ਆ ਗਈ, ਰੋਟੀ ਆ ਗਈ”, ਕਿਉਂਕਿ ਅਸੀਂ ਮੱਥਾ ਟੇਕਣ ਤੋਂ ਬਾਅਦ ਦੇਗ ਲੈ ਕੇ ਲੰਗਰ ਛਕਦੇ ਹੁੰਦੇ ਹਾਂ।

ਉਹ ਬਿਲਕੁਲ ਸੱਚੀ ਗੱਲ ਕਹਿ ਰਿਹਾ ਸੀ, ਜਿਸ ਨੂੰ ਮੈਂ ਆਪਣੇ ਹਿਸਾਬ ਨਾਲ ਹੀ ਦੇਖਿਆ। ਸਾਨੂੰ ਖਾਣ, ਪੀਣ, ਪਹਿਨਣ, ਵਰਤਣ ਲਈ ਅਤੇ ਆਉਣ ਜਾਣ ਲਈ ਵਧੀਆ-ਵਧੀਆ ਵਾਹਨ, ਇਹ ਸਭ ਕੁਝ ਇਸੇ ਹੀ ਸਥਾਨ ਤੋਂ ਤਾਂ ਮਿਲਦੇ ਹਨ ਵਰਨਾ ਇਨਸਾਨ ਦੀ ਕੀ ਔਕਾਤ ਹੈ ਕਿ ਕੋਈ ਚੀਜ਼ ਲੈ ਲਵੇ।

ਅਸੀਂ ਵੀ ਜਦ ਬੱਚੇ ਹੁੰਦੇ ਸੀ ਤਾਂ ਸਾਡੇ ਲਈ ਵੀ ਗੁਰਦੁਆਰਾ ਲੰਗਰ ਖਾਣ ਵਾਲੇ ਸਥਾਨ ਤੋਂ ਵੱਧ ਹੋਰ ਕੁਝ ਨਹੀਂ ਸੀ ਹੁੰਦਾ, ਸਮੇਂ-ਸਮੇਂ ਦੀ ਗੱਲ ਹੁੰਦੀ ਹੈ ਜੀ।

✲✲✲

# ਮਨ ਦੀ ਗਰੀਬੀ ਅਤੇ ਪੈਸੇ ਦੀ ਗਰੀਬੀ

ਅੱਜ ਮੌਸਮ ਵਿੱਚ ਕੁਝ ਤਲਖ਼ੀ ਦੇਖਣ ਨੂੰ ਮਿਲੀ ਤਾਂ ਗਰਮ ਕੱਪੜੇ ਲਾਹ ਕੇ ਸੁੱਟਣ ਨੂੰ ਮਨ ਕਾਹਲਾ ਜਿਹਾ ਪਿਆ ਤਾਂ ਮੈਂ ਆਪਣੀ ਸਰਦਾਰਨੀ ਨੂੰ ਆਵਾਜ਼ ਮਾਰ ਕੇ ਕਿਹਾ ਕਿ ਮੈਨੂੰ ਕੋਈ ਗਰਮੀ ਦੇ ਪਾਉਣ ਵਾਲਾ ਸੂਟ ਦੇ। Cupboard ’ਚੋਂ ਉਸ ਨੇ ਨਿਗਾਹ ਮਾਰੀ ਤਾਂ ਇੱਕ ਨਵਾਂ ਹੀ ਕੁੜਤਾ ਪਜਾਮਾ ਜਿਹੜਾ ਦੋ ਕੁ ਸਾਲ ਪਹਿਲਾਂ ਬਣਵਾਇਆ ਸੀ, ਦੇ ਦਿੱਤਾ ਅਤੇ ਨਾਲੇ ਕਿਹਾ, “ਆਹੀ ਪਾ ਲਓ ਜੀ ਇਹੀ ਪੁਰਾਣਾ ਹੈ।” ਮੈਂ ਹੱਸ ਕੇ ਕਿਹਾ ਕਿ ਜਿਹੜੇ ਤਿੰਨ ਚਾਰ ਸੂਟ ਅਜੇ ਚਾਰ ਪੰਜ ਮਹੀਨੇ ਪਹਿਲਾਂ ਬਣਵਾ ਕੇ ਲਿਆਏ ਹਾਂ ਉਨ੍ਹਾਂ ਦੀ ਵਾਰੀ ਅਗਲੇ ਦੋ ਕੁ ਸਾਲਾਂ ਬਾਅਦ ਆਵੇਗੀ, ਤਦ ਤੱਕ ਇਹ ਪੁਰਾਣੇ ਹੋ ਜਾਣਗੇ। ਗੱਲ ਇਹ ਹੈ ਕਿ ਪੈਸੇ ਧੇਲੇ ਦੀ ਗਰੀਬੀ ਖਤਮ, ਵੱਡੇ ਘਰਾਂ ਦੀ ਇੱਛਾ ਰੱਖਣ ਵਾਲੀ ਗਰੀਬੀ ਖਤਮ, ਗੱਡੀਆਂ ਮੋਟਰਾਂ ਕਾਰਾਂ ’ਤੇ ਚੜ੍ਹਨ ਅਤੇ ਖਰੀਦਣ ਦੀ ਗਰੀਬੀ ਖਤਮ, ਜਹਾਜ਼ਾਂ ’ਤੇ ਸਫ਼ਰ ਕਰਨ ਦੀ ਗਰੀਬੀ ਖਤਮ, ਗੱਲ ਕੀ ਕਿਸੇ ਵੀ ਤਰ੍ਹਾਂ ਦੀ ਕੋਈ ਗਰੀਬੀ ਨਹੀਂ ਹੈ।

ਅੱਜ ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਸਾਹਿਬ ਜੀ ਦੀ ਅਪਾਰ ਕਿਰਪਾ ਨਾਲ ਕੋਈ ਵੀ ਤਮੰਨਾ ਨਹੀਂ ਹੈ। ਔਲਾਦ, ਅੱਗੇ ਪੋਤਰੇ-ਪੋਤਰੀਆਂ, ਦੋਹਤਰੇ-ਦੋਹਤਰੀਆਂ ਅੱਜ ਕੋਈ ਵੀ ਐਸੀ ਵਸਤ ਨਹੀਂ ਜਿਸ ਲਈ ਧੰਨ ਧੰਨ ਸ੍ਰੀ ਗੁਰੂ ਰਾਮ ਦਾਸ ਜੀ ਨੇ ਤਰਸਣ ਲਈ ਛੱਡਿਆ ਹੋਵੇ। ਸਭ ਕੁਝ ਕੋਲ ਹੋਣ ਦੇ ਬਾਵਜੂਦ ਵੀ ਮਨ ਦੀ ਗਰੀਬੀ ਨਹੀਂ ਜਾਂਦੀ ਕਿਉਂਕਿ ਬਹੁਤ ਤੰਗੀ ਦੇ ਦਿਨ ਦੇਖੇ ਅਤੇ ਹੰਢਾਏ ਹਨ।

ਮੇਰਾ ਖਿਆਲ ਹੈ ਕਿ ਮਨ ਦੀ ਗਰੀਬੀ ਸ਼ਾਇਦ ਸਾਡੇ ਜੀਂਦੇ ਜੀਅ ਤਾਂ ਨਿਕਲਦੀ ਨਹੀਂ। ਗੁਰੂ ਰਾਮ ਦਾਸ ਜੀ ਮਿਹਰ ਕਰਨ।

✲✲✲

# ਨਾਮ ਇਸ ਤਰ੍ਹਾਂ ਵੀ ਰੱਖਿਆ ਜਾ ਸਕਦਾ ਹੈ

ਇਹ ਇੱਕ ਬਿਲਕੁਲ ਸੱਚੀ ਕਹਾਣੀ ਹੈ ਜੀ। ਇੱਕ ਗੋਰਾ ਅਤੇ ਗੋਰੀ ਆਪਣੀ ਜਵਾਨੀ ਦੇ ਮੁੱਢਲੇ ਦਿਨਾਂ ਵਿੱਚ ਕੁਝ ਦਿਨਾਂ ਲਈ ਭਾਰਤ ਦੀ ਯਾਤਰਾ 'ਤੇ ਗਏ। ਦੋਨੋਂ ਭਾਰਤ ਦੇ ਵੱਖ-ਵੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ ਘੁੰਮੇ ਫਿਰੇ ਖਾਧਾ-ਪੀਤਾ ਅਤੇ ਮੌਜ ਮਸਤੀ ਕੀਤੀ। ਉਹਨਾਂ ਨੇ ਸ਼ਾਦੀ ਦੇ ਬੰਧਨ ਵਿੱਚ ਬੱਝਣ ਦਾ ਨਿਰਣਾ ਲਿਆ, ਜਿਸ ਤਰ੍ਹਾਂ ਇਹਨਾਂ ਦਾ ਆਪਣਾ ਕਲਚਰ ਹੈ ਕਿ ਪਹਿਲਾਂ ਕਈ ਸਾਲਾਂ ਤੱਕ Boy friend ਅਤੇ Girl friend ਦੇ ਤੌਰ 'ਤੇ ਰਹਿੰਦੇ ਹਨ, ਇੱਕ ਦੋ ਬੱਚੇ ਪੈਦਾ ਕਰਦੇ ਹਨ ਅਤੇ ਫਿਰ ਸ਼ਾਦੀ ਕਰਦੇ ਹਨ। ਇਨ੍ਹਾਂ ਨੇ ਵੀ ਫੈਸਲਾ ਕੀਤਾ ਕਿ ਸ਼ਾਦੀ ਕੀਤੀ ਜਾਵੇ। ਇਹ ਭਾਰਤ ਦੇ ਖਾਣ-ਪੀਣ ਤੋਂ ਇੰਨੇ ਪਰਭਾਵਤ ਹੋਏ ਕਿ ਇਹ ਫੈਸਲਾ ਵੀ ਹੋਇਆ ਕਿ ਜਿਹੜਾ ਵੀ ਬੱਚਾ ਪਹਿਲਾ ਪੈਦਾ ਹੋਵੇਗਾ ਉਸ ਦਾ ਨਾਮ ਭਾਰਤ ਦੇਸ਼ ਦੇ ਨਾਮ 'ਤੇ ਅਧਾਰਤ ਹੋਵੇਗਾ।

ਰੱਬ ਦੀ ਕਿਰਪਾ ਲੜਕੀ ਪੈਦਾ ਹੋਈ ਤੇ ਉਹਨਾਂ ਨੇ ਉਸ ਦਾ ਨਾਮ 'ਇੰਡੀਆ' ਰੱਖਿਆ। ਸਬੱਬ ਨਾਲ ਕੱਲ ਹੀ ਉਹ ਲੜਕੀ ਮੈਨੂੰ ਮਿਲੀ ਅਤੇ ਆਪਣੀ ਪਹਿਚਾਣ ਦੌਰਾਨ ਉਸ ਨੇ ਮੇਨੂੰ ਆਪਣਾ ਨਾਮ ਇੰਡੀਆ ਦੱਸਿਆ ਅਤੇ ਆਪਣੇ ਨਾਮ 'ਇੰਡੀਆ', ਦੇ ਪਰਦੇ ਪਿੱਛੇ ਦੀ ਕਹਾਣੀ ਵੀ ਸੁਣਾਈ, ਜਿਹੜੀ ਮੈਂ ਉੱਪਰ ਬਿਆਨ ਕਰਕੇ ਆਇਆ ਹਾਂ। ਕਿਸੇ ਵੀ ਨਾਮ ਦੇ ਪਿਛਲੀ ਕਹਾਣੀ ਜਾਣ ਕੇ ਕਈ ਵਾਰ ਹੈਰਾਨੀ ਵੀ ਹੁੰਦੀ ਹੈ ਅਤੇ ਸਕੂਨ ਵੀ ਮਿਲਦਾ ਹੈ ਕਿ ਇੰਝ ਵੀ ਨਾਮ ਰੱਖਿਆ ਜਾ ਸਕਦਾ ਹੈ।

✲✲✲

# ਮਿੰਨੀ ਕਹਾਣੀ

ਲੜਕੇ-ਲੜਕੀ ਦੀ ਸ਼ਾਦੀ ਤਹਿ ਇਸ ਸ਼ਰਤ ਤੇ ਹੋਈ ਕਿ ਬਾਰਾਤ ਵਿੱਚ ਕੋਈ ਵੀ ਬੁੱਢਾ ਨਹੀਂ ਆਏਗਾ। ਸਾਰੇ ਘਰ ਦੇ ਬਜ਼ੁਰਗਾਂ ਨੇ ਸਬਰ ਦਾ ਘੁੱਟ ਭਰ ਲਿਆ ਕਿ ਚਲੋ ਰਿਸ਼ਤਾ ਨਹੀਂ ਸੀ ਹੋ ਰਿਹਾ, ਅਸੀਂ ਨਹੀਂ ਵੀ ਜਾਵਾਂਗੇ ਤਾਂ ਕੋਈ ਗੱਲ ਨਹੀਂ। ਲੜਕੇ ਦਾ ਨਾਨਾ ਅੜ ਗਿਆ, ਮੈਂ ਤਾਂ ਬਾਰਾਤ ਜ਼ਰੂਰ ਜਾਵਾਂਗਾ ਜੋ ਵੀ ਹੋ ਸਕੇ ਕਰੋ।

ਫੈਸਲਾ ਹੋਇਆ ਕਿ ਨਾਨਾ ਜੀ ਨੂੰ ਇੱਕ ਵੱਡੀ ਕਾਰ ਦੇ Boot (ਡਿੱਕੀ) ਵਿੱਚ ਰੱਖ ਕੇ ਲੈ ਜਾਵੋ। ਬਰਾਤ ਪਹੁੰਚ ਗਈ ਲੜਕੀ ਦੇ ਪਿਤਾ ਨੇ ਇੱਕ ਆਦਮੀ ਨੂੰ ਭੇਜਿਆ ਕਿ ਜਾ ਕੇ ਚੈੱਕ ਕਰੋ ਕਿ ਕੋਈ ਬੁੱਢਾ ਤਾਂ ਨਹੀਂ ਆਇਆ, ਰਿਪੋਰਟ ਹੋਈ ਕਿ ਨਹੀਂ ਕੋਈ ਵੀ ਬੁੱਢਾ ਨਹੀਂ ਆਇਆ।

ਲੜਕੀ ਦੇ ਪਿਤਾ ਨੇ ਸ਼ਰਤ ਰੱਖ ਦਿੱਤੀ ਕਿ ਸ਼ਾਦੀ ਤਾਂ ਹੋਵੇਗੀ ਜੇਕਰ ਨਜ਼ਦੀਕ ਵਾਲੀ ਵਗਦੀ ਨਦੀ ਵਿੱਚ ਸ਼ੁੱਧ ਦੁੱਧ ਵਹਾਇਆ ਜਾਵੇਗਾ। ਸਾਰੇ ਬਰਾਤੀ ਹੈਰਾਨ ਪ੍ਰੇਸ਼ਾਨ ਕਿ ਇੰਨਾ ਦੁੱਧ ਕਿੱਥੋਂ ਆਵੇਗਾ ਉਹ ਵੀ ਪੂਰੀ ਨਦੀ ਭਰ ਕੇ ਵਹਿਣੀ ਚਾਹੀਦੀ ਹੈ। ਫੈਸਲਾ ਕੀਤਾ ਗਿਆ ਕਿ ਬਾਰਾਤ ਵਾਪਸ ਲੈ ਚੱਲੋ। ਨਾਨੇ ਵਾਲੀ ਕਾਰ ਕੋਲ ਆ ਕੇ ਕਹਿੰਦੇ ਇਸਦਾ ਕੀ ਕਸੂਰ ਇਸ ਨੂੰ ਤਾਂ ਬਾਹਰ ਕੱਢੋ। ਨਾਨਾ ਜੀ ਨੂੰ ਵਾਪਿਸ ਜਾਣ ਦਾ ਕਾਰਨ ਦੱਸਿਆ ਤਾਂ ਨਾਨਾ ਕਹਿੰਦਾ ਐਡੀ ਛੋਟੀ ਜਿਹੀ ਗੱਲ ਕਰਕੇ ਬਰਾਤ ਵਾਪਿਸ ਜਾਵੇਗੀ, ਸਾਰੇ ਕਹਿੰਦੇ ਇਹ ਕੋਈ ਛੋਟੀ ਗੱਲ ਹੈ। ਨਾਨਾ ਕਹਿੰਦਾ ਲੜਕੀ ਦੇ ਪਿਤਾ ਨੂੰ ਵਾਪਿਸ ਸੁਨੇਹਾ ਭੇਜੋ ਕਿ ਅਸੀਂ ਸਾਰੀ ਨਦੀ ਜਿੰਨਾ ਦੁੱਧ ਦਾ ਇੰਤਜ਼ਾਮ ਕਰ ਲਿਆ ਹੈ ਪਹਿਲਾਂ ਤੁਸੀਂ ਨਦੀ ਦਾ ਪਾਣੀ ਖਾਲੀ ਕਰਵਾਓ, ਰੌਲਾ ਪੈ ਗਿਆ ਕਿ ਬਾਰਾਤ ਵਿੱਚ ਜ਼ਰੂਰ ਕੋਈ ਬੁੱਢਾ ਆਇਆ ਹੋਵੇਗਾ।

ਬੁੱਢੇ ਇਨਸਾਨ ਕੋਲ ਤਜ਼ਰਬਾ ਤਾਂ ਬਹੁਤ ਹੁੰਦਾ ਪ੍ਰੰਤੂ ਸਰੀਰਕ ਬਲ ਨਹੀਂ ਹੁੰਦਾ ਜਿੰਨਾ ਜਵਾਨ ਬੱਚਿਆਂ ਕੋਲ ਹੁੰਦਾ ਹੈ। ਸੋ ਬਜ਼ੁਰਗਾਂ ਦੇ ਤਜ਼ਰਬੇ ਦਾ ਫਾਇਦਾ ਲੈਣਾ ਚਾਹੀਦਾ ਹੈ ਨਾ ਕਿ ਉਹਨਾਂ ਨੂੰ ਅਣਗੌਲਿਆ ਕਰਨਾ ਚਾਹੀਦਾ ਹੈ।

✲✲✲

# ਦੋ ਮੂਰਖ਼

ਦੋ ਮੂਰਖ਼ ਇਨਸਾਨ ਪ੍ਰਮਾਤਮਾ ਦੀਆਂ ਗ਼ਲਤੀਆਂ ਬਾਰੇ ਬਹਿਸ ਕਰ ਰਹੇ ਸਨ। ਆਪਣੀ-ਆਪਣੀ ਰਾਇ ਦੇਣ ਲੱਗੇ। ਇੱਕ ਜ਼ਿਆਦਾ ਸਿਆਣਾ ਸਮਝਦਾ ਸੀ ਦੂਸਰੇ ਨਾਲੋਂ, ਕਹਿਣ ਲੱਗਾ ਕਿ ਆਪਾਂ ਗ਼ਲਤੀਆਂ ਕੱਢਦੇ ਜਾਨੇ ਹਾਂ, ਇੱਕ ਕੰਮ ਕਰ, ਕਾਪੀ ਪੈੱਨ ਚੱਕੋ ਆਪਾਂ ਲਿਸਟ ਬਣਾ ਲਈਏ। ਦੂਸਰਾ ਕਹਿੰਦਾ ਠੀਕ ਹੈ। ਕਾਪੀ ਪੈੱਨ ਚੱਕਿਆ ਤੇ ਖੇਤ ਵਿੱਚ ਦੀ ਲੰਘ ਰਹੇ ਸਨ ਕਿ ਜ਼ਿਆਦਾ ਸਿਆਣਾ ਸਮਝਣ ਵਾਲਾ ਕਹਿੰਦਾ, ਲਿਖ ਪਹਿਲੀ ਗ਼ਲਤੀ। ਆਹ ਦੇਖ ਕੱਦੂ ਦੀ ਵੇਲ ਕਿੰਨੀ ਨਾਜ਼ੁਕ ਹੈ ਪ੍ਰੰਤੂ ਕੱਦੂ ਕਿੱਡੇ ਵੱਡੇ ਲੱਗੇ ਹਨ, ਵੇਲ ਵਿਚਾਰੀ ਦੀ ਇੰਨੀ ਤਾਕਤ ਹੀ ਨਹੀਂ ਕਿ ਐਡੇ ਭਾਰੇ ਕੱਦੂਆਂ ਦਾ ਬੋਝ ਉਠਾ ਸਕੇ। ਦੂਸਰਾ ਮਿੱਤਰ ਕਹਿੰਦਾ, ਹਾਂ ਇਹ ਗ਼ਲਤੀ ਤਾਂ ਬਹੁਤ ਭਾਰੀ ਹੈ, ਨੋਟ ਕਰ ਲਈ ਹੈ।

ਅੱਗੇ ਤੁਰੇ ਜਾਂਦੇ ਤਾਂ ਥੋੜ੍ਹਾ ਆਰਾਮ ਕਰਨ ਲਈ ਇੱਕ ਅੰਬ ਦੇ ਦਰਖਤ ਥੱਲੇ ਲੰਮੇ ਪੈ ਗਏ। ਜ਼ਿਆਦਾ ਸਿਆਣਾ ਸਮਝਣ ਵਾਲਾ ਕਹਿੰਦਾ- ਆਹ ਦੇਖ ਦੂਸਰੀ ਗਲਤੀ, ਕਿੱਡਾ ਵੱਡਾ ਭਾਰੀ ਭਰਕਮ ਦਰਖਤ ਹੈ ਪ੍ਰੰਤੂ ਅੰਬ ਦੇ ਫਲ ਕਿੰਨੇ ਛੋਟੇ ਹਨ। ਦੂਸਰਾ ਮਿੱਤਰ ਵੀ ਮੰਨ ਗਿਆ ਅਤੇ ਦੂਸਰੀ ਗ਼ਲਤੀ ਵੀ ਕਾਪੀ ’ਤੇ ਨੋਟ ਕਰ ਲਈ। ਫ਼ਲ ਅਜੇ ਕੱਚੇ ਸਨ ਅਤੇ ਸਖ਼ਤ ਵੀ ਇੱਟ ਵਰਗੇ ਸਨ। ਅਜੇ ਆਰਾਮ ਕਰਨ ਲਈ ਜ਼ਰਾ ਕੁ ਟੇਢੇ ਹੀ ਹੋਏ ਸਨ ਕਿ ਹਵਾ ਜ਼ੋਰ ਦੀ ਚੱਲੀ ਤੇ ਇੱਕ ਅੰਬ ਦਾ ਫ਼ਲ ਜ਼ਿਆਦਾ ਸਿਆਣਾ ਸਮਝਣ ਵਾਲੇ ਦੇ ਠੀਕ ਨੱਕ ਦੇ ਉੱਪਰ ਵੱਜਿਆ। ਫੇਰ ਕੀ ਸੀ, ਉਸਦੇ ਹੋਸ਼ ਉੱਡ ਗਏ, ਇੱਕ ਨੱਕ ਇੰਨਾ ਨਾਜ਼ੁਕ ਅੰਗ ਦੂਸਰਾ ਪੱਥਰ ਵਰਗਾ ਪੱਕਾ ਅੰਬ, ਤੀਸਰਾ ਵੱਜਿਆ ਵੀ ਦੂਰੀ ਤੋਂ, ਤ੍ਰਾਹ ਨਿੱਕਲ ਗਿਆ। ਮਿੱਤਰ ਨੂੰ ਕਿਹਾ ਦੋਨੋਂ ਗ਼ਲਤੀਆਂ ’ਤੇ ਕਾਟਾ ਲਾਓ, ਆਓ ਘਰੇ ਚੱਲੀਏ।

ਸੋ ਪ੍ਰਮਾਤਮਾ ਜੋ ਵੀ ਕਰਦਾ, ਜਿਸ ਨੂੰ ਜਿਹੜੀ ਵੀ ਜਿੰਮੇਵਾਰੀ ਸੌਂਪਦਾ ਹੈ, ਜਿਸ ਕਿਸੇ ਨੂੰ ਜਿਹੜੇ ਵੀ ਹਾਲਾਤਾਂ ਵਿੱਚ ਰੱਖਦਾ ਹੈ ਉਸ ’ਤੇ ਕਿੰਤੂ-ਪ੍ਰੰਤੂ ਕਰਨਾ ਹੀ ਇਨਸਾਨ ਦੀ ਸਭ ਤੋਂ ਵੱਡੀ ਗੁਸਤਾਖ਼ੀ ਹੈ। ਸਾਨੂੰ ਉਸ ਪ੍ਰਮਾਤਮਾ ਦੇ ਬਣਾਏ ਹੋਏ ਹਰ ਇੱਕ ਇਨਸਾਨ ਨਾਲ਼ ਪਿਆਰ ਨਾਲ ਰਹਿਣ ਦੀ ਲੋੜ ਹੈ ਅਤੇ ਉਸ ਦਾ ਭਾਣਾ ਮੰਨਣ ਵਿੱਚ ਹੀ ਸਾਡੀ ਭਲਾਈ ਹੈ।

✲✲✲

# ਅਖੌਂਤ

ਜਪਾਨ ਦੀ ਇੱਕ ਔਰਤ ਦਾ ਕਹਿਣਾ ਹੈ ਕਿ ਵਿਆਹ ਦੇ 17 ਸਾਲਾਂ ਬਾਅਦ ਉਹ ਇਸ ਨਤੀਜੇ ’ਤੇ ਪਹੁੰਚੀ ਹੈ ਕਿ ਮਰਦ ਰੱਬ ਦਾ ਸਭ ਤੋਂ ਖ਼ੂਬਸੂਰਤ ਪ੍ਰਾਣੀ ਹੈ। ਉਹ ਆਪਣੀ ਜਵਾਨੀ ਨੂੰ ਆਪਣੀ ਪਤਨੀ ਅਤੇ ਬੱਚਿਆਂ ਲਈ ਕੁਰਬਾਨ ਕਰਦਾ ਹੈ। ਇਹ ਉਹ ਹਸਤੀ ਹੈ ਜੋ ਆਪਣੇ ਬੱਚਿਆਂ ਦੇ ਭਵਿੱਖ ਨੂੰ ਸੁੰਦਰ ਅਤੇ ਵਧੀਆ ਬਣਾਉਣ ਦੀ ਪੂਰੀ ਕੋਸ਼ਿਸ਼ ਕਰਦਾ ਹੈ, ਜੇ ਉਹ ਆਪਣੇ ਬੱਚਿਆਂ ਨੂੰ ਝਿੜਕਦਾ ਵੀ ਹੈ ਤਾਂ ਉਨ੍ਹਾਂ ਦੇ ਉੱਜਵਲ ਭਵਿੱਖ ਲਈ। ਮਰਦ ਉਹ ਮਿਹਨਤ ਦਾ ਮੁਜੱਸਮਾ ਹੈ ਜੋ ਸਵੇਰ ਤੋਂ ਸ਼ਾਮ ਤੱਕ ਅਣਥੱਕ ਮਿਹਨਤ ਕਰਦਾ ਹੈ, ਉਹ ਆਪਣੀਆਂ ਇੱਛਾਵਾਂ ਨੂੰ ਕੁਰਬਾਨ ਕਰਦਾ ਹੈ। ਉਹ ਕਦੇ ਪਤਨੀ ਨੂੰ ਪਤਾ ਵੀ ਨਹੀਂ ਲੱਗਣ ਦਿੰਦਾ ਕਿ ਉਹ ਉਸਦੀ ਕਿੰਨੀ ਚਿੰਤਾ ਕਰਦਾ ਹੈ ਪਰ ਇਸ ਦੇ ਬਦਲੇ ਔਰਤ ਹਰ ਗੱਲ ਸੁਣਾ ਕੇ ਦੱਸ ਦਿੰਦੀ ਹੈ। ਇਸ ਕੁਰਬਾਨੀ ਦੇ ਬਦਲੇ ਉਸਨੂੰ ਹਮੇਸ਼ਾ ਨਲਾਇਕ ਤੇ ਆਲਸੀ ਸਮਝਿਆ ਜਾਂਦਾ ਹੈ। ਜੇਕਰ ਉਹ ਘਰੋਂ ਬਾਹਰ ਨਿਕਲਦਾ ਹੈ ਤਾਂ ਵੀ ਉਸ ਨੂੰ ਸਵਾਲ ਕੀਤਾ ਜਾਂਦਾ ਹੈ, ਜੇ ਉਹ ਘਰੇ ਰਹਿੰਦਾ ਹੈ ਤਾਂ ਵੀ ਉਸਨੂੰ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇ ਉਹ ਆਪਣੇ ਲਈ ਕੁਝ ਖਰੀਦਦਾ ਹੈ ਤਾਂ ਉਹ ਖ਼ਰਚੀਲਾ ਅਖਵਾਉਂਦਾ ਹੈ ਤੇ ਜੇ ਉਹ ਕੁਝ ਨਹੀਂ ਖਰੀਦਦਾ ਤਾਂ ਉਹ ਕੰਜੂਸ ਕਹਾਉਂਦਾ ਹੈ। ਐਨਾ ਕੁਝ ਕਰਨ ਅਤੇ ਐਨਾ ਕੁਝ ਕਹਾਉਣ ਦੇ ਬਾਵਜੂਦ ਵੀ ਮਰਦ ਦੁਨੀਆਂ ਦੀ ਅਜਿਹੀ ਹਸਤੀ ਹੈ ਜੋ ਆਪਣੇ ਬੱਚਿਆਂ ਨੂੰ ਹਰ ਪੱਖੋਂ ਆਪਣੇ ਨਾਲੋਂ ਬਿਹਤਰ ਦੇਖਣਾ ਚਾਹੁੰਦਾ ਹੈ। ਆਪਣੇ ਬੱਚਿਆਂ ਨੂੰ ਆਪਣੇ ਨਾਲੋਂ ਕਾਮਯਾਬ ਦੇਖਣਾ ਚਾਹੁੰਦਾ ਹੈ। ਮਰਦ ਉਹ ਹਸਤੀ ਹੈ ਜੋ ਆਪਣੇ ਬੱਚਿਆਂ ਦੀ ਭਲਾਈ ਲਈ ਹਮੇਸ਼ਾਂ ਰੱਬ ਅੱਗੇ ਪ੍ਰਾਰਥਨਾ ਕਰਦਾ ਹੈ। ਮਰਦ ਉਹ ਹੁੰਦਾ ਹੈ ਜੋ ਆਪਣੇ ਬੱਚਿਆਂ ਦੁਆਰਾ ਦਿੱਤੀਆਂ ਤਕਲੀਫ਼ਾਂ ਬਰਦਾਸ਼ਤ ਕਰਦਾ ਹੈ। ਇਹ ਉਹ ਹਸਤੀ ਹੈ ਜੋ ਆਪਣੀ ਸਭ ਤੋਂ ਵਧੀਆ ਦੌਲਤ ਬਲਕਿ ਜੋ ਕੁਝ ਉਸ ਕੋਲ ਹੈ, ਉਹ ਆਪਣੇ ਬੱਚਿਆਂ ਨੂੰ ਸੌਂਪ ਦਿੰਦਾ ਹੈ।

ਜੇਕਰ ਮਾਂ 9 ਮਹੀਨੇ ਬੱਚੇ ਨੂੰ ਆਪਣੀ ਕੁੱਖ ਵਿੱਚ ਪਾਲਦੀ ਹੈ ਤਾਂ ਬਾਪ ਸਾਰੀ ਉਮਰ ਆਪਣੇ ਬੱਚਿਆਂ ਦੇ ਭਵਿੱਖ ਦੀ ਫ਼ਿਕਰ ਵਿੱਚ ਬਿਤਾਉਂਦਾ ਹੈ...।

*(ਇਕ ਜਾਪਾਨੀ ਲੋਕ ਕਥਾ)*

✲✲✲

# ਪ੍ਰਮਾਤਮਾ ਦੀ ਰਜ਼ਾ

*(ਇਹ ਲਿਖਤ ਮੇਰੀ ਨਹੀਂ ਪਰ ਚੰਗੀ ਲੱਗੀ ਇਸੇ ਲਈ ਸਾਂਝੀ ਕਰ ਰਿਹਾ ਹਾਂ ਕਿ ਸਬਰ ਬਹੁਤ ਵੱਡੀ ਸੌਗਾਤ ਹੈ।)*

ਕੰਮ ਤੋਂ ਕਦੀ ਛੁੱਟੀ ਨਾ ਕਰਨ ਵਾਲਾ ਬੰਦਾ ਅਚਾਨਕ ਗੈਰਹਾਜ਼ਰ ਹੋ ਗਿਆ! ਮਾਲਕ ਨੇ ਇਹ ਸੋਚ ਕੇ ਤਨਖਾਹ ਵਧਾ ਦਿੱਤੀ ਕਿ ਵਧੇ ਹੋਏ ਪੈਸੇ ਦੇਖ ਕੇ ਕਿਤੇ ਹੋਰ ਨਹੀਂ ਜਾਵੇਗਾ ਤੇ ਅੱਗੋਂ ਛੁੱਟੀ ਵੀ ਨਹੀਂ ਕਰੇਗਾ! ਉਸਨੇ ਵਧੀ ਹੋਈ ਤਨਖਾਹ ਵਾਲਾ ਚੈੱਕ ਚੁੱਪਚਾਪ ਫੜ ਲਿਆ ਤੇ ਚਲਾ ਗਿਆ।

ਕੁਝ ਮਹੀਨਿਆਂ ਬਾਅਦ ਫੇਰ ਛੁੱਟੀ ਮਾਰ ਲਈ! ਇਸ ਵਾਰ ਨਾਰਾਜ਼ ਮਾਲਕ ਨੇ ਪਿਛਲੀ ਵਾਰ ਵਧਾਈ ਤਨਖਾਹ ਇਹ ਸੋਚ ਕੇ ਘਟਾ ਦਿੱਤੀ ਕਿ ਇਹ ਤਾਂ ਬੜਾ ਢੀਠ ਹੈ... ਮੇਰੇ ਕੀਤੇ ਦੀ ਕਦਰ ਹੀ ਨਹੀਂ ਇਸਨੂੰ!

ਇਸ ਵਾਰ ਵੀ ਉਹ ਕੁਝ ਨਾ ਬੋਲਿਆ ਤੇ ਘਟੀ ਤਨਖਾਹ ਚੁੱਪਚਾਪ ਫੜ ਲਈ ਤੇ ਤੁਰ ਪਿਆ। ਹੈਰਾਨ ਪ੍ਰੇਸ਼ਾਨ ਮਾਲਕ ਨੇ ਪਿੱਛੋਂ ਵਾਜ ਮਾਰ ਰੋਕ ਲਿਆ ਤੇ ਪੁੱਛਣ ਲੱਗਾ... "ਭਾਈ ਨਾ ਤੇ ਤੂੰ ਤਨਖਾਹ ਵਧੀ 'ਤੇ ਕੁਝ ਬੋਲਿਆ ਸੀ ਤੇ ਨਾ ਹੁਣ ਘਟੀ 'ਤੇ।" ਇੱਕ ਦਮ ਚੁੱਪ... ਆਖਿਰ ਇਹ ਚੱਕਰ ਕੀ ਹੈ?

ਆਖਣ ਲੱਗਾ ਕੇ ਜਦੋਂ ਪਿਛਲੀ ਵਾਰ ਤਨਖਾਹ ਵਧੀ ਸੀ ਉਦੋਂ ਮੇਰੇ ਘਰੇ ਪੁੱਤਰ ਪੈਦਾ ਹੋਇਆ ਤੇ ਮੈਂ ਸੋਚਿਆ ਕੇ ਜਿਊਣ ਜੋਗਾ ਆਪਣੇ ਹਿੱਸੇ ਦਾ ਨਾਲ ਹੀ ਲੈ ਆਇਆ ਤੇ...ਹੁਣ ਜਦੋਂ ਮਾਂ ਪੂਰੀ ਹੋਈ ਤੇ ਤਨਖਾਹ ਘਟ ਗਈ ਤਾਂ ਸੋਚਿਆ ਕੇ ਕਰਮਾਂ ਵਾਲੀ ਆਪਣੇ ਹਿੱਸੇ ਦਾ ਆਪਣੇ ਨਾਲ ਹੀ ਲੈ ਗਈ! ਜਦੋਂ ਮੇਰੇ ਜੀਆਂ ਦਾ ਹਿਸਾਬ ਕਿਤਾਬ ਉਹ ਪ੍ਰਮਾਤਮਾ ਖੁਦ ਰੱਖ ਰਿਹਾ ਹੈ ਤਾਂ ਮੈਨੂੰ ਘਟੀ-ਵਧੀ 'ਤੇ ਪ੍ਰੇਸ਼ਾਨ ਜਾਂ ਖੁਸ਼ ਹੋਣ ਦੀ ਕੀ ਲੋੜ। ਸੋ ਦੋਸਤੋ ਅਗਰ ਇਸ ਸੋਚ ਨੂੰ ਅਪਣਾਅ ਲਿਆ ਜਾਵੇ ਕਿ ਜ਼ਿੰਦਗੀ ਵਿਚ ਜੋ ਕਮਾਇਆ ਉਹ ਸੱਚੇ ਰੱਬ ਦੀ ਮਿਹਰਬਾਨੀ ਸੀ ਤੇ ਜੋ ਗੁਆਇਆ ਉਹ ਵੀ ਸ਼ਾਇਦ ਉਸ ਦੀ ਹੀ ਕਦਰਦਾਨੀ ਸੀ ਤਾਂ ਬਿਨਾਂ ਮਤਲਬ ਦੇ ਪਏ ਹੋਏ ਕਈ ਪੰਗੇ ਤੇ ਟੈਨਸ਼ਨਾਂ ਆਪਣੇ ਆਪ ਹੀ ਮੁੱਕ ਜਾਣ ਕਿਉਂਕਿ ਸੰਤੋਖੀ ਤੇ ਸੰਤੁਸ਼ਟ ਇਨਸਾਨ ਲੋੜ ਤੋਂ ਵੱਧ ਕਦੇ ਮੰਗਦਾ ਨਹੀਂ ਤੇ ਪ੍ਰਮਾਤਮਾ ਉਸਦੀ ਲੋੜ ਤੋਂ ਘੱਟ ਕਦੇ ਦਿੰਦਾ ਨਹੀਂ!!

✲✲✲

# ਜੱਗ ਬੀਤੀ ਨਹੀਂ, ਸਗੋਂ ਹੱਡ ਬੀਤੀ

ਹਰ ਇਨਸਾਨ ਦੀ ਤਮੰਨਾ ਹੁੰਦੀ ਹੈ ਕਿ ਮੇਰਾ ਵੀ ਅਪਣਾ ਘਰ ਹੋਵੇ, ਜਿੱਥੇ ਆਪਣੇ ਪਰਿਵਾਰ ਨਾਲ ਹੱਸ ਖੇਡ ਕੇ ਸਮਾਂ ਬਤੀਤ ਕਰ ਸਕੀਏ। ਸਾਰੇ ਕਾਗਜ਼ ਪੱਤਰ ਪੂਰੇ ਕਰ ਕੇ ਆਪਣਾ ਘਰ ਬਣਾਉਣ ਲਈ ਕਰਜ਼ਾ ਲੈਣ ਲਈ ਅਰਜ਼ੀ ਪਾ ਦਿੱਤੀ। ਚਿੱਠੀ ਪੱਤਰੀ ਚੱਲਦੀ ਰਹੀ ਅਖੀਰ ਨੂੰ ਨਾਂਹ ਵਿੱਚ ਜਵਾਬ ਆ ਗਿਆ। ਬਹੁਤ ਮਾਯੂਸ ਹੋਏ ਸਾਰਾ ਪਰਿਵਾਰ। ਜਿਹੜੀ ਜਗ੍ਹਾ ਤੇ ਅਸੀਂ ਘਰ ਬਣਾਉਣ ਦੀ ਤਜ਼ਵੀਜ ਬਣਾਈ ਸੀ, ਉਹ ਜਗ੍ਹਾ ਮੇਰੇ ਆਪਣੇ ਨਾਮ ਤਾਂ ਸੀ ਪਰ ਕਮੇਟੀ ਵਾਲੇ ਇਸ ਦਾ ਨਕਸ਼ਾ ਨਹੀਂ ਸੀ ਪਾਸ ਕਰ ਰਹੇ, ਕਿਉਂਕਿ ਇਹ ਜਗ੍ਹਾ ਉਹਨਾਂ ਦੇ ਰਿਕਾਰਡ ਵਿੱਚ Unbuilt area ਘੋਸ਼ਿਤ ਕੀਤੀ ਹੋਈ ਸੀ। ਉਨ੍ਹਾਂ ਦੀ ਆਪਣੀ ਮਜ਼ਬੂਰੀ।

ਸਾਡੇ ਬੈਂਕ ਦੇ ਚੰਡੀਗੜ੍ਹ ਵਾਲੇ ਅਫਸਰ ਮੋਗਾ ਦੇ ਦੌਰੇ ਤੇ ਆਏ ਹੋਏ ਸਨ ਕਿ ਅਸੀਂ ਕੁਝ ਸਟਾਫ਼ ਮੈਂਬਰ ਸਹਿਬਾਨ ਨੇ ਉਹਨਾਂ ਅੱਗੇ ਆਪਣੀ ਸਮੱਸਿਆ ਰੱਖੀ ਕਿ ਸਾਡੇ ਕੋਲ ਸਰਕਾਰੀ ਪਾਣੀ ਦਾ ਕੁਨੈਕਸ਼ਨ, ਬਿਜਲੀ ਦਾ ਕੁਨੈਕਸ਼ਨ, ਸੀਵਰੇਜ ਦਾ ਕੁਨੈਕਸ਼ਨ ਆਦਿ ਸਭ ਕੁਝ ਹੈ ਫਿਰ ਵੀ ਜੇਕਰ ਕਮੇਟੀ ਵੱਲੋਂ ਨਕਸ਼ਾ ਨਹੀਂ ਪਾਸ ਕੀਤਾ ਜਾਂਦਾ ਤਾਂ ਸਾਡਾ ਇਸ ਵਿੱਚ ਕੀ ਕਸੂਰ ਹੈ? ਉਹ ਅਫ਼ਸਰ ਨਹੀਂ ਸੀ ਸਗੋਂ ਖ਼ੁਦ ਹੀ ਰੱਬ ਬਣਕੇ ਹੀ ਆਇਆ ਸੀ। ਸਾਡੀ ਗੱਲ ਪੂਰੇ ਧਿਆਨ ਨਾਲ ਸੁਣਨ ਤੋਂ ਬਾਅਦ ਉਹਨਾਂ ਨੇ ਮੈਨੂੰ ਸਾਰੇ ਤਾਜ਼ਾ ਬਿੱਲ ਲੈ ਕੇ ਇੱਕ ਦਿੱਤੀ ਹੋਈ ਤਾਰੀਖ਼ ਨੂੰ ਚੰਡੀਗੜ੍ਹ ਦਫ਼ਤਰ ਪਹੁੰਚਣ ਦੀ ਹਦਾਇਤ ਕੀਤੀ। ਦਿੱਤੀ ਹੋਈ ਤਾਰੀਖ਼ ਨੂੰ ਇਸ਼ਨਾਨ ਕਰਨ ਉਪਰੰਤ ਅਰਦਾਸ ਕਰਕੇ ਅਤੇ ਸਾਰੇ ਕਾਗ਼ਜ਼ ਪੱਤਰ ਲੈ ਕੇ ਮੈਂ ਸਵੇਰੇ 9 ਵਜੇ ਨੂੰ ਹੀ ਦਫ਼ਤਰ ਪਹੁੰਚ ਗਿਆ।

ਚੰਡੀਗੜ੍ਹ ਪਹੁੰਚ ਕੇ ਪਤਾ ਚੱਲਿਆ ਕਿ ਸਬੰਧਤ ਅਫ਼ਸਰ, ਦੁੱਗਲ ਸਾਹਿਬ, ਹਰਿਆਣਾ ਦੇ ਟੂਰ ਤੇ ਗਏ ਹੋਏ ਹਨ। ਕੁਝ ਥਕੇਵਾਂ ਜਿਹਾ ਮਹਿਸੂਸ ਹੋਇਆ ਅਤੇ ਮੈਂ ਪਹਿਲੀ ਮੰਜ਼ਿਲ ਦੀ ਰਿਸੈਪਸ਼ਨ ਤੇ ਆ ਕੇ ਬੈਠ ਗਿਆ। ਮੈਂ ਅਚਾਨਕ ਦੇਖ ਕੇ ਹੈਰਾਨ ਰਹਿ ਗਿਆ ਕਿ ਦੁੱਗਲ ਸਾਹਿਬ ਆਪਣੀ ਕਾਰ ਚੋਂ ਉੱਤਰ ਕੇ ਆ ਰਹੇ ਹਨ। ਮੈਂ ਆਪਣੀ ਫ਼ਤਹਿ ਬੁਲਾਈ ਅਤੇ ਉਹ ਮੈਨੂੰ ਆਪਣੀ ਬਾਂਹ ਨਾਲ ਫੜ ਕੇ ਹੀ ਉੱਪਰਲੀ ਮੰਜਿਲ ਤੇ ਆਪਣੇ ਦਫ਼ਤਰ ਵਿੱਚ ਲੈ ਗਏ ਅਤੇ ਆਪਣੇ Table ’ਤੇ ਖੜ੍ਹੇ ਹੀ ਕੋਈ ਨੋਟ ਲਿਖਿਆ ਅਤੇ ਮੈਨੂੰ ਸਬੰਧਿਤ ਅਫ਼ਸਰ ਨੂੰ ਦੇ ਦੇਣ ਦੀ ਹਦਾਇਤ ਕਰਕੇ ਵਾਪਿਸ ਹੀ

ਆਪਣੀ ਕਾਰ ਵਿੱਚ ਬੈਠ ਅਗਲੇ ਪੈਂਡੇ ਲਈ ਨਿਕਲ ਗਏ।

ਪ੍ਰਮਾਤਮਾ ਨੇ ਉਸ ਦਿਨ ਉਹਨਾਂ ਨੂੰ ਸਿਰਫ ਅਤੇ ਸਿਰਫ ਮੇਰੇ ਕੰਮ ਲਈ ਹੀ ਦਫ਼ਤਰ ਭੇਜਿਆ ਸੀ। ਪ੍ਰਮਾਤਮਾ 'ਤੇ ਭਰੋਸਾ ਕੀਤਿਆਂ ਉਹ ਆਪੇ ਹੀ ਤੁਹਾਡੇ ਸਾਰੇ ਕੰਮ ਸੰਵਾਰ ਦਿੰਦਾ ਹੈ। ਵਿਸ਼ਵਾਸ ਹੀ ਬਣਾਉਣਾ ਔਖਾ ਹੈ, ਬਣ ਗਿਆ ਤਾਂ ਸਭ ਕੰਮ ਆਪਣੇ ਆਪ ਹੀ ਹੁੰਦੇ ਰਹਿੰਦੇ ਹਨ।

✲✲✲

# ਗੁਰੂ ’ਤੇ ਭਰੋਸਾ

ਮੈਨੂੰ ਅੱਜ ਵੀ ਚੰਗੀ ਤਰ੍ਹਾਂ ਯਾਦ ਹੈ ਉਹ ਦ੍ਰਿਸ਼ਟਾਂਤ ਜਦ ਅਸੀਂ ਪਰਿਵਾਰ ਸਮੇਤ ਬਿਦਰ (ਕਰਨਾਟਕਾ) ਦੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਗੁਰਦੁਆਰਾ ਨਾਨਕ ਝੀਰਾ ਵਿਖੇ ਸ਼ਾਮ ਪੈਂਦੀ ਨੂੰ ਪਹੁੰਚੇ ਤਾਂ ਮੇਰੇ ਛੋਟੇ ਭਰਾ ਦਾ ਕੰਨ ਇਨ੍ਹਾਂ ਜ਼ੋਰ ਦੀ ਦੁਖਣ ਲੱਗ ਪਿਆ ਕਿ ਉਹ ਚੀਕਾਂ ਮਾਰ ਰਿਹਾ ਸੀ ਦਰਦ ਨਾਲ। ਬੇਗਾਨਾ ਪ੍ਰਦੇਸ਼, ਰਾਤ ਦਾ ਹਨੇਰਾ, ਠੰਢ ਦੇ ਦਿਨ, ਨਵੰਬਰ ਦਾ ਮਹੀਨਾ 1982 ਸਾਨੂੰ ਕੁਝ ਵੀ ਨਹੀਂ ਸੀ ਸੁੱਝ ਰਿਹਾ। ਮੈਂ ਆਪਣੇ ਵਿਸ਼ਵਾਸ ਅਨੁਸਾਰ ਭਰਾ ਨੂੰ ਸਲਾਹ ਦਿੱਤੀ ਕਿ ਭਰਾਵਾ ਜਾਂ ਤਾਂ ਠੀਕ ਹੋ ਜਾਵੇਗਾ ਤੇਰਾ ਕੰਨ ਨਹੀਂ ਜਿੱਥੇ ਸੱਤਿਆਨਾਸ ਉੱਥੇ ਸਵਾ ਸੱਤਿਆਨਾਸ, ਤੂੰ ਬਾਬੇ ਨਾਨਕ ਦੇ ਆਉਣ ਨਾਲ ਜਿਹੜਾ ਝਰਨਾ ਵਗ ਰਿਹਾ ਹੈ ਇਸ ਵਿੱਚੋਂ ਚਾਰ ਬੂੰਦਾਂ ਜਲ ਦੀਆਂ ਆਪਣੇ ਕੰਨ ਵਿੱਚ ਪਾ ਲੈ। ਉਸ ਭੱਦਰ ਪੁਰਸ਼ ਨੇ ਵੀ ਨਾ ਆ ਦੇਖਿਆ ਤਾਂ ਨਾ ਤਾਂ ਝਰਨੇ ਕੋਲ ਗਿਆ ਅਤੇ ਸੱਚੀਂ ਜਲ ਆਪਣੇ ਹੱਥ ਨਾਲ ਆਪਣੇ ਕੰਨ ਵਿੱਚ ਪਾ ਲਿਆ। ਕੁਝ ਹੀ ਪਲਾਂ ਬਾਅਦ ਦਰਦ ਘਟਦਾ-ਘਟਦਾ ਖਤਮ ਹੋ ਗਿਆ ਅਤੇ ਸਾਡਾ ਅਗਲਾ ਸਾਰਾ ਟਰਿਪ ਬਹੁਤ ਸੁਖਾਲਾ ਲੰਘਿਆ। ਇਸ ਗੱਲ ਨੂੰ ਅੱਜ ਤਕਰੀਬਨ 40 ਸਾਲ ਹੋ ਗਏ ਹਨ ਉਸ ਦਾ ਮੁੜ ਉਹ ਕੰਨ ਨਹੀਂ ਦੁਖਿਆ। ਕੰਨ ਦੁਖਣ ਦੀ ਸਮੱਸਿਆ ਉਸ ਨੂੰ ਮੁੜ ਨਹੀਂ ਹੋਈ।

ਜੇਕਰ ਉਸ ਜਲ ਵਿੱਚ ਇਤਨੀ ਸ਼ਕਤੀ ਨਾ ਹੋਵੇ ਤਾਂ ਹਜ਼ਾਰਾਂ ਮੀਲ ਚੱਲ ਕੇ ਕੋਈ ਉੱਥੇ ਕਿਉਂ ਜਾਊ? ਮੇਰਾ ਭਰਾ ਅਤੇ ਮੈਂ ਖੁਦ ਇਸ ਘਟਨਾ ਦੇ ਚਸ਼ਮਦੀਦ ਗਵਾਹ ਬੈਠੇ ਹਾਂ। ਪ੍ਰਮਾਤਮਾ ’ਤੇ ਭਰੋਸਾ ਕਰੋ ਅਤੇ ਦਿਲੋਂ ਕਰੋ ਤੁਹਾਡਾ ਭਰੋਸਾ ਕਦੀ ਵੀ ਟੁੱਟ ਨਹੀਂ ਸਕਦਾ।

ਕੁਝ ਸਾਲ ਪਹਿਲਾਂ ਮੈਨੂੰ ਭਾਰਤ ਜਾਣ ਦਾ ਮੌਕਾ ਮਿਲਿਆ। ਇਸ ਫੇਰੀ ਦੌਰਾਨ ਮੈਂ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਗਿਆ। ਮੱਥਾ ਟੇਕਣ ਦੀ ਭੀੜ ਤਾਂ ਹਮੇਸ਼ਾ ਤੋਂ ਹੀ ਲੱਗੀ ਹੁੰਦੀ ਹੈ। ਤਕਰੀਬਨ ਢਾਈ ਤਿੰਨ ਘੰਟੇ ਦੀ ਲੰਬੀ ਇੰਤਜ਼ਾਰ ਤੋਂ ਬਾਅਦ ਜਦ ਮੈਂ ਦਰਬਾਰ ਸਾਹਿਬ ਦੇ ਦਰਵਾਜ਼ੇ ਦੇ ਬਿਲਕੁਲ ਨਜ਼ਦੀਕ ਹੀ ਸੀ ਤਾਂ ਮੇਰੇ ਦਿਮਾਗ ਵਿੱਚ ਇੱਕ ਗ਼ਲਤ ਖਿਆਲ ਆਇਆ ਕਿ ਲੋਕ ਇਸ ਸਰੋਵਰ ਵਿੱਚ ਹੀ ਇਸ਼ਨਾਨ ਕਰ ਰਹੇ ਹਨ ਅਤੇ ਜਲ ਪੀ ਵੀ ਰਹੇ ਹਨ, ਇਹ ਜਲ ਪੀਣ ਦੇ ਲਾਇਕ ਨਹੀਂ ਹੋ ਸਕਦਾ। ਸ਼ੰਕਾ ਮੇਰੇ ਮਨ ਵਿੱਚ ਆਈ ਹੀ ਸੀ ਕਿ ਕੀਰਤਨ ਕਰਦੇ ਹੋਏ ਰਾਗੀ ਸਿੰਘ ਨੇ ਸ਼ਬਦ ਵੀ ਇਹੀ

ਲਾਇਆ ਕਿ ਜਿਹੜਾ ਵਿਅਕਤੀ ਇੱਥੇ ਆ ਕੇ ਕਿਸੇ ਵੀ ਤਰ੍ਹਾਂ ਦਾ ਆਪਣੇ ਪ੍ਰਮਾਤਮਾ ਤੇ ਸ਼ੰਕਾ ਕਰਦਾ ਹੈ ਉਸ ਤੋਂ ਵੱਡਾ ਪਾਪੀ, ਗੁਨਾਹਗਾਰ ਅਤੇ ਨਾਦਾਨ ਨਹੀਂ ਹੋ ਸਕਦਾ। ਇਹ ਮੇਰੇ ਸ਼ੰਕੇ 'ਤੇ ਸਿੱਧਾ ਹੀ ਜ਼ੋਰਦਾਰ ਤਮਾਚਾ ਸੀ ਤੇ ਮੇਰੀ ਸਮਝ ਵਿੱਚ ਆ ਗਿਆ ਕਿ ਮੈਂ ਅਜੇ ਸ਼ੰਕਾ ਕੀਤਾ ਹੀ ਹੈ ਕਿ ਉਸ ਦਾ ਨਿਵਾਰਨ ਵੀ ਹੋ ਗਿਆ। ਗੁਰੂ 'ਤੇ ਭਰੋਸਾ ਕਰਨਾ ਬਣਦਾ ਹੈ ਨਾ ਕਿ ਸ਼ੰਕਾ।

✲✲✲

# ਮੌਤ ਇੰਜ ਵੀ...

ਸਾਡੇ ਇੱਕ ਕਲੱਬ ਦੇ ਸੀਨੀਅਰ ਮੈਂਬਰ (ਸ੍ਰ. ਸਤਨਾਮ ਸਿੰਘ ਜੀ) ਦਾ ਜਨਮ-ਦਿਨ ਸੀ ਅਤੇ ਅਸੀਂ ਸਾਰੇ ਮੈਂਬਰ ਸਾਹਿਬਾਨ ਨੇ ਉੱਥੇ ਉਹਨਾਂ ਦੀ ਖ਼ੁਸ਼ੀ ਵਿੱਚ ਸ਼ਾਮਲ ਹੋਣ ਲਈ ਜਾਣਾ ਸੀ। ਸਾਡੇ ਇੱਕ ਹੋਰ ਮੈਂਬਰ (ਪੰਨੂ ਸਾਹਿਬ) ਨੇ ਉਸ ਸਮਾਗਮ ਵਿੱਚ ਸ਼ਾਮਿਲ ਹੋਣ ਲਈ ਬੱਸ ਦੇ ਰਸਤੇ ਆਉਣਾ ਸੀ। ਅਚਾਨਕ ਬਾਰਸ਼ ਆ ਗਈ ਅਤੇ ਮੈਂ ਬੱਸ ਰਾਹੀਂ ਆਉਣ ਵਾਲੇ ਭਾਈ ਸਾਹਿਬ ਨੂੰ ਚੁੱਕਣ ਲਈ ਉਨ੍ਹਾਂ ਦੇ ਘਰ ਚਲਾ ਗਿਆ ਅਤੇ ਅਸੀਂ ਇਕੱਠੇ ਹੀ ਮੇਰੀ ਕਾਰ ਵਿੱਚ ਆਏ। ਬਾਰਿਸ਼ ਦਾ ਮੌਸਮ ਸੀ, ਮੈਂ ਜਿਵੇਂ ਹੀ ਕਾਰ ਜਨਮ ਦਿਨ ਵਾਲੇ ਘਰ ਅੱਗੇ ਰੋਕੀ ਤਾਂ ਪੰਨੂੰ ਸਾਹਿਬ ਛਾਲ ਮਾਰ ਕੇ ਕਾਰ ਵਿੱਚੋਂ ਬਾਹਰ ਨਿਕਲੇ ਅਤੇ ਘਰ ਵੱਲ ਨੂੰ ਅੱਗੇ ਵਧੇ। ਮੈਂ ਉਨ੍ਹਾਂ ਦੇ ਪਿੱਛੇ-ਪਿੱਛੇ ਜਾ ਰਿਹਾ ਸੀ। ਸਰਦਾਰ ਸਤਨਾਮ ਸਿੰਘ ਜੀ ਅਤੇ ਉਨ੍ਹਾਂ ਦਾ ਬੇਟਾ ਆਪਣੇ Garrage ਵਿੱਚ ਸਾਨੂੰ ਦੋਹਾਂ ਨੂੰ ਜੀ ਆਇਆਂ ਨੂੰ ਕਹਿਣ ਲਈ ਖੜ੍ਹੇ ਸਨ। ਮੈਂ ਸਤਨਾਮ ਸਿੰਘ ਜੀ ਅਤੇ ਉਨ੍ਹਾਂ ਦੇ ਬੇਟੇ ਨਾਲ ਹੱਥ ਮਿਲਾ ਕੇ ਪਾਸੇ ਹੀ ਹੋਇਆਂ ਕਿ ਪੰਨੂ ਸਾਹਿਬ Garrage ਦੇ ਅੰਦਰ ਡਿੱਗ ਪਏ ਅਤੇ ਖ਼ਤਮ ਹੋ ਗਏ। ਸਤਨਾਮ ਸਿੰਘ ਜੀ ਹੱਥ ਜੋੜ ਕੇ ਖੜ੍ਹੇ ਹਨ ਕਿ ਪੰਨੂ ਸਾਹਿਬ ਨਾਲ ਹੱਥ ਮਿਲਾਵਾਂ ਪ੍ਰੰਤੂ ਹੱਥ ਮਿਲਾਉਣ ਦਾ ਵੀ ਮੌਕਾ ਨਹੀਂ ਮਿਲਿਆ ਅਤੇ ਘਰ ਵਿੱਚ ਮਾਹੌਲ ਹੀ ਬਦਲ ਗਿਆ। ਜਦ ਵੀ ਕਦੀ ਸਮਾਂ, ਸਥਾਨ ਅਤੇ ਪ੍ਰਾਣੀ ਇਕੱਠੇ ਹੋ ਜਾਣ, ਇਸੇ ਤਰ੍ਹਾਂ ਹੀ ਹੁੰਦਾ ਹੈ।

ਪ੍ਰਮਾਤਮਾ ਪੰਨੂ ਸਾਹਿਬ ਜੀ ਦੀ ਆਤਮਾ ਨੂੰ ਸ਼ਾਂਤੀ ਦੇਣ ਅਤੇ ਘਰ ਦੇ ਮੈਂਬਰ ਸਾਹਿਬਾਨ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

✲✲✲

# ਅਮੀਰ ਕੌਣ?

ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਦੌਰਾਨ ਜਦੋਂ ਅਸੀਂ ਆਪਣੇ ਸਫ਼ਰ ਦੇ ਪੜਾਅ 'ਤੇ ਪੰਜਾ ਸਾਹਿਬ (ਹਸਨ ਅਬਦਾਲ) ਪਹੁੰਚੇ ਤਾਂ ਅਸੀਂ ਪਰਿਵਾਰ ਦੇ ਪੰਜ ਮੈਂਬਰ ਸ਼ਾਮ ਨੂੰ ਇੱਕ ਆਈਸ ਕਰੀਮ ਵਾਲੀ ਦੁਕਾਨ ਤੇ ਬੈਠ ਕੇ ਰਬੜੀ ਫਲੂਦਾ ਦੀਆਂ ਪੰਜ ਪਲੇਟਾਂ ਆਰਡਰ ਕੀਤੀਆਂ ਅਤੇ ਖਾਣ ਤੋਂ ਬਾਅਦ, ਵਿਹਾਰ ਅਨੁਸਾਰ ਜਦ ਅਸੀਂ ਪੈਸੇ ਕਿੰਨੇ ਹਨ- ਇਹ ਪੁੱਛਿਆ ਤਾਂ ਦੁਕਾਨਦਾਰ ਦਾ ਉੱਤਰ ਸੁਣ ਕੇ ਹੰਝੂ ਆਪ ਮੁਹਾਰੇ ਹੀ ਫੁੱਟ ਪਏ। ਉਸ ਦਾ ਹੱਥ ਜੋੜ ਕੇ ਕਹਿਣਾ ਸੀ ਕਿ "ਸਰਦਾਰ ਜੀ ਅਬ ਕੀ ਬਾਰ ਆਏ ਹੋ ਕਿਆ ਪਤਾ ਫਿਰ ਕਭ ਆਓਗੇ।" ਇਹ ਉਨ੍ਹਾਂ ਦੇ ਪਿਆਰ ਦੀ ਇੰਤਹਾ ਹੀ ਸੀ ਹੋਰ ਕੁਝ ਨਹੀਂ ਸੀ।

ਲਾਹੌਰ ਸ਼ਹਿਰ ਵਿੱਚ ਅਸੀਂ ਤੁਰਦੇ-ਤੁਰਦੇ ਜਾ ਰਹੇ ਸਾਂ ਕਿ ਇੱਕ ਸੜਕ ਦੇ ਕਿਨਾਰੇ ਫੜੀ ਵਾਲਾ, ਆਪਣੀ ਰੋਜ਼ੀ ਰੋਟੀ ਲਈ ਜਦੋ ਜਹਿਦ ਕਰ ਰਿਹਾ ਸੀ, ਅਸੀਂ ਉਸ ਤੋਂ ਦੋ ਛੋਟੇ Chinese lock ਮੰਗੇ, ਉਸ ਨੇ ਸਾਨੂੰ ਦਿੱਤੇ ਤਾਂ ਅਸੀਂ ਪੈਸੇ ਪੁੱਛੇ ਤਾਂ ਉਸ ਨੇ ਕਿਹਾ ਜੀ 20 ਰੁਪਏ। ਮੇਰੇ ਪਾਸ 100 ਦਾ ਨੋਟ ਸੀ, ਮੈਂ ਉਸ ਵੱਲ ਵਧਾਇਆ ਤਾਂ ਉਸ ਨੇ ਕਿਹਾ ਸਰਦਾਰ ਜੀ ਅਭੀ ਤੋਂ ਮੈਨੇ ਬੋਹਣੀ ਵੀ ਨਹੀਂ ਕੀਤੀ ਮੇਰੇ ਪਾਸ ਖੁੱਲੇ ਨਹੀਂ ਤਾਂ ਮੈਂ ਕਹਿ ਦਿੱਤਾ ਚੱਲ ਕੋਈ ਗੱਲ ਨਹੀਂ ਬਾਕੀ ਦੇ ਤੂੰ ਰੱਖ ਲਈ। ਉਸ ਦੀ ਖੁਦਦਾਰੀ ਦਾ ਮੈਂ ਕਿਸੇ ਦੂਸਰੇ ਨਾਲ ਮੁਕਾਬਲਾ ਨਹੀਂ ਸੀ ਕਰ ਸਕਦਾ ਜਦ ਉਸਨੇ ਮੈਨੂੰ ਪਲਟ ਕੇ ਕਹਿ ਦਿੱਤਾ "ਸਰਦਾਰ ਜੀ ਆਪ ਹਮਾਰੇ ਮਹਿਮਾਨ ਹੋ Lock ਭੀ ਲੈ ਜਾਓ ਅਤੇ ਮੈਂ ਪੈਸੇ ਭੀ ਨਹੀ ਲੈਣੇ।"

ਤੁਸੀਂ ਦੱਸੋ, ਅਮੀਰ ਆਈਸ ਕਰੀਮ ਵਾਲਾ ਦੁਕਾਨਦਾਰ, ਫੜੀ ਵਾਲਾ ਦੁਕਾਨਦਾਰ ਜਾਂ ਫਿਰ ਉਹ ਹੈ, ਜਿਸ ਕੋਲ ਕਰੋੜ ਰੁਪਏ ਹਨ ਅਤੇ ਉਹ ਕਿਸੇ ਨੂੰ ਇੱਕ ਚਵਾਨੀ ਵੀ ਨਹੀਂ ਛੱਡਦਾ, ਸਗੋਂ ਓਪਰਾ ਆਦਮੀ ਦੇਖ ਕੇ ਬਾਜ਼ਾਰ ਨਾਲੋਂ ਵੀ ਜ਼ਿਆਦਾ ਮੁੱਲ ਮੰਗਦਾ ਹੈ।

ਮੇਰੀ ਨਜ਼ਰ ਵਿੱਚ ਉਹ ਦੋਵੇਂ ਹੀ ਸਭ ਤੋਂ ਉੱਚੇ ਦਰਜੇ ਦੇ ਅਮੀਰ ਲੋਕਾਂ ਵਿਚ ਗਿਣੇ ਜਾਣਗੇ ਕਿਉਂਕਿ ਜਿਹੜਾ ਆਪਣੀ ਲਾਗਤ ਵੀ ਨਹੀਂ ਲੈਂਦਾ ਅਤੇ ਤੁਹਾਨੂੰ ਸੇਵਾ ਵੀ ਵਧੀਆ ਦਿੰਦਾ ਹੈ ਉਹ ਹੀ ਅਸਲ ਅਮੀਰ ਹੈ।

✲✲✲

# ਇਮਾਨਦਾਰੀ

1987 ਵਿੱਚ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਜਿਸ ਦੌਰਾਨ ਸਾਨੂੰ ਸੁੱਕੇ ਮੇਵੇ ਦੀ ਖਰੀਦਦਾਰੀ ਕਰਨ ਲਈ ਰਾਵਲਪਿੰਡੀ ਸ਼ਹਿਰ ਜਾਣ ਦਾ ਮੌਕਾ ਮਿਲਿਆ। ਸਾਨੂੰ ਇੱਕ ਸਪੈਸ਼ਲ ਪੁਲਿਸ ਵਾਲੀ ਬੱਸ ਵਿੱਚ ਲਿਜਾਇਆ ਗਿਆ। ਮੈਨੂੰ ਅੱਜ ਵੀ ਯਾਦ ਹੈ ਕਿ ਉਹ ਮਾਰਕੀਟ U shape ਦੀ ਬਣੀ ਹੋਈ ਸੀ। ਮਾਰਕੀਟ ਦੇ ਅੰਦਰ ਵੜਨ ਸਾਰ ਹੀ ਇੱਕ ਦੁਕਾਨਦਾਰ ਨੂੰ ਮੈਂ ਅਦਬ ਨਾਲ ਪਿਸਤੇ ਦਾ ਮੁੱਲ ਪੁੱਛਿਆ ਤਾਂ ਉਸ ਨੇ ਹੱਥ ਜੋੜ ਕੇ ਕਿਹਾ ਕਿ, "ਭਾਈ ਸਾਹਿਬ ਅੱਗੇ ਜਾਓ ਮੈਂ ਵੇਚਣੇ ਨਹੀਂ", ਮੈਨੂੰ ਥੋੜ੍ਹਾ ਅਜੀਬ ਜਿਹਾ ਲੱਗਿਆ ਕਿ ਭਾਈ ਤੂੰ ਸਵੇਰੇ-ਸਵੇਰੇ ਦੁਕਾਨ ਸਜਾਈ ਹੈ ਵੇਚਣ ਲਈ ਹੀ ਲਗਾਈ ਹੈ। ਮੇਰੇ ਇਸ ਤਰ੍ਹਾਂ ਦਾ ਸਵਾਲ ਕਰਨ ਤੇ ਉਸ ਨੇ ਬੜੇ ਅਦਬ ਨਾਲ ਜਵਾਬ ਦਿੱਤਾ ਕਿ ਭਾਈ ਸਾਹਿਬ ਤੁਸੀਂ ਦੂਸਰੇ ਮੁਲਕ ਤੋਂ ਆਏ ਹੋ ਅਤੇ ਇਹ ਮੇਰਾ ਫਰੂਟ ਪਿਛਲੇ ਸਾਲ ਦਾ ਹੈ ਮੈਂ ਤੁਹਾਨੂੰ ਨਹੀਂ ਵੇਚਣਾ ਕਿਉਂਕਿ ਤੁਸੀਂ ਆਪਣੇ ਮੁਲਕ ਵਾਪਿਸ ਜਾ ਕੇ ਮੇਰੇ ਬਾਰੇ ਅਤੇ ਮੇਰੇ ਮੁਲਕ ਬਾਰੇ ਬੁਰਾ ਭਲਾ ਕਹੋਗੇ, ਮੇਰਾ ਤਾਂ ਇਹ ਸਾਮਾਨ ਇੱਥੇ ਵਿਕ ਹੀ ਜਾਣਾ ਹੈ ਅਤੇ ਮੈਂ ਨਹੀਂ ਚਾਹੁੰਦਾ ਕਿ ਮੇਰਾ ਅਤੇ ਮੇਰੇ ਮੁਲਕ ਦਾ ਨਾਮ ਬਾਹਰ ਜਾ ਕੇ ਬਦਨਾਮ ਹੋਵੇ।

ਸਾਨੂੰ ਵੀ ਕੁਝ ਸਿੱਖਣਾ ਚਾਹੀਦਾ ਹੈ ਇਸ ਤੋਂ।

✲✲✲

# ਰੱਬ ਹਰ ਥਾਂ ਮੌਜੂਦ ਹੈ

ਕੱਲ ਮੈਂ ਕੰਮ ਵਿੱਚ ਕੁਝ ਜ਼ਿਆਦਾ ਹੀ ਵਿਅਸਤ ਹੋਣ ਕਰਕੇ ਆਪਣੀ ਕਾਰ ਵਿੱਚ ਪੈਟਰੋਲ ਪੁਆਉਣ ਦਾ ਸਮਾਂ ਹੀ ਨਾ ਕੱਢ ਸਕਿਆ ਅਤੇ ਸਥਿਤੀ ਇਹ ਹੋ ਗਈ ਕਿ ਮੈਨੂੰ ਫਰੀ-ਵੇਅ ਤੇ ਜਾਣਾ ਪੈਣਾ ਸੀ ਤੇ ਕਾਰ ਦੇ Dashboard 'ਤੇ ਸੰਦੇਸ਼ਾ ਵੀ ਆ ਗਿਆ ਕਿ ਪੈਟਰੋਲ ਖਤਮ ਹੈ, ਹੁਣੇ ਹੀ ਪੈਟਰੋਲ ਪੁਆਓ। ਮੈਂ ਥੋੜ੍ਹਾ ਪ੍ਰੇਸ਼ਾਨ ਹੋਇਆ ਅਤੇ ਦਿਲ ਹੀ ਦਿਲ ਅਰਦਾਸ ਕੀਤੀ ਕਿ ਹੁਣ ਮੇਰੇ ਨੇੜੇ ਹੀ ਪੈਟਰੋਲ ਪੰਪ ਹੋਣਾ ਚਾਹੀਦਾ ਹੈ, ਮੈਂ ਅਜੇ ਸੋਚਿਆ ਹੀ ਸੀ ਕਿ ਮੇਰੇ ਦੂਸਰੇ ਪਾਸੇ ਪੈਟਰੋਲ ਪੰਪ ਦਿਸ ਗਿਆ ਅਤੇ ਮੈਂ ਨਾਲ ਬੈਠੇ ਯਾਤਰੀ ਨੂੰ ਬੇਨਤੀ ਕੀਤੀ ਤੇ ਉਸ ਭੱਦਰ ਪੁਰਸ਼ ਨੇ ਵੀ ਬਿਨਾਂ ਕਿਸੇ ਹੀਲ-ਹੁੱਜਤ ਦੇ ਸਹਿਮਤੀ ਪ੍ਰਗਟਾਈ ਅਤੇ ਮੈਂ ਪੈਟਰੋਲ ਪੰਪ ਤੇ ਆਪਣੀ ਕਾਰ ਵਿੱਚ ਤੇਲ ਪੁਆਇਆ ਅਤੇ ਅੱਗੇ ਵਧ ਗਿਆ।

ਜੇਕਰ ਤੁਸੀਂ ਸੱਚੇ ਦਿਲ ਨਾਲ ਉਸ ਪ੍ਰਮਾਤਮਾ ਨੂੰ ਯਾਦ ਕਰਦੇ ਹੋ ਤਾਂ ਇਹ ਹੋ ਹੀ ਨਹੀਂ ਸਕਦਾ ਕਿ ਤੁਹਾਡੀ ਪੁਕਾਰ ਸੁਣੀ ਨਾ ਜਾਵੇ। ਮੇਰੇ ਨਾਲ ਇਸ ਤਰ੍ਹਾਂ ਪਹਿਲੀ ਵਾਰ ਨਹੀਂ ਹੋਇਆ ਜਦੋਂ ਪ੍ਰਮਾਤਮਾ ਨੇ ਮੇਰੀ ਪ੍ਰਤੱਖ ਰੂਪ ਵਿੱਚ ਮੱਦਦ ਨਾਂ ਕੀਤੀ ਹੋਵੇ ਸਗੋਂ ਕਈ ਵਾਰ ਇਸ ਤਰ੍ਹਾਂ ਪ੍ਰਤੱਖ ਮੇਰੀ ਮੱਦਦ ਕੀਤੀ ਹੈ।

ਪ੍ਰਮਾਤਮਾ ਉੱਪਰ ਵਿਸ਼ਵਾਸ ਰੱਖੋ ਅਤੇ ਆਪਣੇ ਭਰੋਸੇ ਨੂੰ ਡੋਲਣ ਨਾ ਦੇਵੋ ਇਹ ਹੋ ਹੀ ਨਹੀਂ ਸਕਦਾ ਕਿ ਤੁਹਾਡੀ ਪੁਕਾਰ ਨਾਂ ਸੁਣੀ ਜਾਵੇ।

✲✲✲

# ਹੀਰਾ ਅਤੇ ਜੌਹਰੀ

ਰਾਜੇ ਦੇ ਦਰਬਾਰ ਇੱਕ ਜੌਹਰੀ ਪੇਸ਼ ਹੋਇਆ ਅਤੇ ਦੋ ਗੋਲ ਸਮਾਨ ਅਕਾਰ ਦੇ ਘੜੇ ਹੋਏ ਪੱਥਰ ਪੇਸ਼ ਕੀਤੇ ਅਤੇ ਦੱਸਿਆ ਕਿ ਇਹਨਾਂ ਵਿਚੋਂ ਇੱਕ ਅਸਲੀ ਹੀਰਾ, ਜਿਸ ਦੀ ਕੀਮਤ ਇੱਕ ਕਰੋੜ ਰੁਪਈਏ ਹੈ, ਦੂਸਰਾ ਇੱਕ ਸਾਧਾਰਨ ਪੱਥਰ ਹੈ। ਦੇਖਣ, ਚਮਕ, ਭਾਰ ਤੇ ਬਣਤਰ ਵਿੱਚ ਦੋਨੋਂ ਹੀ ਸਮਾਨ ਸਨ। ਸ਼ਰਤ ਰੱਖੀ ਗਈ ਕਿ ਜੋ ਭੀ ਕੋਈ ਅਸਲੀ ਅਤੇ ਨਕਲੀ ਦੀ ਪਹਿਚਾਣ ਕਰੇਗਾ, ਅਸਲੀ ਹੀਰਾ ਉਸਨੂੰ ਇਨਾਮ ਵਜੋਂ ਦਿੱਤਾ ਜਾਵੇਗਾ ਪਰ ਉਸਨੂੰ ਇਹ ਦੱਸਣਾ ਪਵੇਗਾ ਕਿ ਇਹ ਕਿਵੇਂ ਪਹਿਚਾਣ ਕੀਤੀ ਹੈ ਅਤੇ ਜੇ ਨਹੀਂ ਦੱਸ ਸਕੇਗਾ ਤਾਂ ਮੈਂ ਇੱਕ ਲੱਖ ਰੁਪਏ ਉਸ ਤੋਂ ਲਵਾਂਗਾ। ਰਾਜੇ ਦੇ ਦਰਬਾਰੀ ਅਤੇ ਹੋਰ ਸਲਾਹਕਾਰਾਂ ਰਾਜੇ ਨਾਲ ਇਸ ਗੱਲ ’ਤੇ ਸਹਿਮਤੀ ਬਣਾਈ ਕਿ ਜੇ ਹਾਰ ਗਏ ਤਾਂ ਇੱਕ ਲੱਖ ਪਰ ਜੇ ਜਿੱਤ ਗਏ ਤਾਂ ਇੱਕ ਕਰੋੜ ਦਾ ਹੀਰਾ। ਰਾਜੇ ਨੇ ਦੋਵੇਂ ਹੀ ਪੱਥਰ ਵਾਰ-ਵਾਰ ਆਪਣੇ ਹੱਥਾਂ ਵਿੱਚ ਲਏ ਪਰ ਕਿਸੇ ਨਤੀਜੇ ’ਤੇ ਨਾਂ ਪਹੁੰਚ ਸਕਿਆ।

ਉਸੇ ਮਹਿਲ ਵਿੱਚ ਇੱਕ ਅੰਨ੍ਹਾ ਵੀ ਸ਼ਾਮਲ ਸੀ ਜੋ ਸਭ ਕੁਝ ਸੁਣ ਰਿਹਾ ਸੀ। ਜਦ ਹਰ ਇੱਕ ਨੇ ਆਪਣੀ ਅਸਮਰੱਥਾ ਦਿਖਾਈ ਤਾਂ ਉਸ ਅੰਨ੍ਹੇ ਨੇ ਹਿੰਮਤ ਕੀਤੀ ਅਤੇ ਕਿਹਾ ਰਾਜਨ ਅਗਰ ਮੈਨੂੰ ਇਜਾਜ਼ਤ ਦਿਓ ਤਾਂ ਮੈਂ ਇਹ ਦੱਸ ਸਕਦਾ ਹਾਂ ਕਿ ਕਿਹੜਾ ਅਸਲੀ ਅਤੇ ਕਿਹੜਾ ਨਕਲੀ ਹੈ। ਇਸ ਤੇ ਉੱਥੇ ਮੌਜੂਦ ਲੋਕਾਂ ਨੇ ਉਸ ਅੰਨ੍ਹੇ ਦਾ ਮਖੌਲ ਵੀ ਉਡਾਇਆ ਪਰ ਰਾਜਨ ਨੇ ਉਸ ਨੂੰ ਆਪਣੀ ਅਜਮਾਇਸ਼ ਕਰਨ ਦੀ ਇਜ਼ਾਜ਼ਤ ਦੇ ਦਿੱਤੀ ਤਾਂ ਉਸ ਅੰਨ੍ਹੇ ਨੂੰ ਫੜ ਕੇ ਉਸ ਮੇਜ਼ ਦੇ ਕੋਲ ਲਿਆਂਦਾ ਗਿਆ ਜਿੱਥੇ ਕਾਫੀ ਦੇਰ ਤੋਂ ਧੁੱਪ ਵਿੱਚ ਇਹ ਦੋਵੇਂ ਪੱਥਰ ਪਏ ਸਨ। ਉਸ ਅੰਨ੍ਹੇ ਨੇ ਦੋਵੇਂ ਪੱਥਰ ਆਪਣੇ ਦੋਹਾਂ ਹੱਥਾਂ ਵਿੱਚ ਫੜਨ ਤੋਂ ਇੱਕ ਮਿੰਟ ਵਿੱਚ ਦੱਸ ਦਿੱਤਾ ਕਿ ਅਸਲੀ ਕਿਹੜਾ ਅਤੇ ਨਕਲੀ ਕਿਹੜਾ।

ਜੌਹਰੀ ਬਹੁਤ ਹੈਰਾਨ ਅਤੇ ਪਰੇਸ਼ਾਨ ਵੀ ਹੋਇਆ ਕਿ ਇੱਕ ਅੰਨ੍ਹੇ ਮਨੁੱਖ ਨੇ ਬਿਨਾਂ ਦੇਖੇ ਇਹ ਕਿਸ ਤਰ੍ਹਾਂ ਦੱਸ ਦਿੱਤਾ? ਸ਼ਰਤ ਮੁਤਾਬਕ ਜਦ ਇਹ ਪੁੱਛਿਆ ਗਿਆ ਕਿ ਉਸਨੇ ਇਹ ਕਿਸ ਤਰ੍ਹਾਂ ਪਹਿਚਾਣ ਕੀਤੀ ਤਾਂ ਉਸ ਅੰਨ੍ਹੇ ਪੁਰਸ਼ ਨੇ ਦੱਸਿਆ ਕਿ ਦੋਹਾਂ ਪੱਥਰਾਂ ਵਿੱਚੋਂ ਇੱਕ ਗਰਮ ਹੈ ਅਤੇ ਦੂਸਰਾ ਗਰਮੀ ਦੇ ਬਾਵਜੂਦ ਵੀ ਠੰਡਾ ਹੈ। ਜੋ ਮਨੁੱਖ ਗੁਣਾਂ ਨਾਲ ਭਰਪੂਰ ਹੁੰਦਾ ਹੈ ਉਹ ਅਣਸੁਖਾਵੇਂ ਹਾਲਾਤ ਵਿੱਚ ਵੀ ਠੰਡਾ ਰਹਿੰਦਾ ਹੈ ਪ੍ਰੰਤੂ ਗੁਣਾਂ ਤੋਂ ਸੱਖਣਾ ਮਨੁੱਖ ਸਭ ਸੁੱਖ ਸਹੂਲਤਾਂ ਦੇ ਹੁੰਦਿਆਂ ਵੀ ਗਰਮ ਹੀ ਰਹਿੰਦਾ ਹੈ। ਮਨੁੱਖਾਂ ਨੂੰ ਹੀਰੇ ਤੋਂ ਸਬਕ ਸਿੱਖਣਾ ਚਾਹੀਦਾ ਹੈ।

✲✲✲

# ਪਛਤਾਵਾ

"ਪਟਵਾਰੀ ਸਾਹਿਬ ਆਪਣਾ ਕੰਮ ਅੱਜ ਤਾਂ ਹੋ ਜਾਊ ਨਾਂ ਅੱਜ ਤਾਂ ਮੈਂ ਨੰਬਰਦਾਰ ਨੂੰ ਵੀ ਨਾਲ ਲਿਆਇਆ ਹਾਂ।" ਬੰਤ ਸਿੰਘ ਨੇ ਦੁਖੀ ਅਤੇ ਹਾਸੇ ਦੇ ਰਲਵੇਂ ਜਿਹੇ ਲਹਿਜੇ ਵਿੱਚ ਕਿਹਾ। ਅੱਜ ਉਸਦਾ ਲਗਾਤਾਰ ਸੱਤਵਾਂ ਚੱਕਰ ਸੀ। ਹਰ ਵਾਰ ਪਟਵਾਰੀ ਸਾਹਿਬ ਉਸ ਨੂੰ ਕੋਈ ਨਾਂ ਕੋਈ ਬਹਾਨਾ ਬਣਾ ਕੇ ਟਾਲ ਦਿੰਦਾ ਸੀ। ਅੱਜ ਉਹ ਆਪਣੇ ਪੁੱਤ ਦੇ ਕਹਿਣ 'ਤੇ ਪਟਵਾਰੀ ਸਾਹਿਬ ਦੀ "ਫੀਸ" ਨਾਲ ਲੈ ਕੇ ਆਇਆ ਸੀ। "ਬਾਪੂ ਬੋਤਲ ਤੋਂ ਬਿਨਾਂ ਪਟਵਾਰੀ ਨੇ ਕੁਝ ਨਹੀਂ ਕਰਨਾ ਐਵੇਂ ਕਾਹਨੂੰ ਗੇੜੇ ਮਾਰੀ ਜਾਨੈਂ।" ਬੰਤ ਸਿੰਘ ਦੇ ਪੁੱਤ ਨੇ ਕਿਹਾ ਸੀ।

ਅੱਜ ਬੰਤ ਸਿੰਘ ਆਂਢ-ਗੁਆਂਢ ਚੋਂ 250 ਰੁਪਏ ਮੰਗ ਕੇ ਨੰਬਰਦਾਰ ਨੂੰ ਨਾਲ ਲੈ ਕੇ ਆਇਆ ਸੀ। ਨੰਬਰਦਾਰ ਕਿਹੜਾ ਪੋਲੇ ਪੈਰੀਂ ਤੁਰਦਾ ਸੀ, 100 ਰੁਪਏ ਨਾਲ ਉਸਦਾ ਵੀ ਤਾਂ ਮੱਥਾ ਡੰਮਿਆ ਸੀ ਅਤੇ ਅੱਜ ਬੰਤ ਸਿੰਘ 100 ਰੁਪਏ ਨੰਬਰਦਾਰ ਅਤੇ 150 ਰੁਪਏ ਪਟਵਾਰੀ ਸਾਬ ਨੂੰ ਪੂਜ ਕੇ ਇੱਕ ਘੰਟੇ ਵਿੱਚ ਹੀ ਵਿਹਲਾ ਹੋ ਗਿਆ ਸੀ। "ਸਾਲਾ "ਬੜਾ ਕਿਰਸੀ ਨਿਕਲਿਆ, ਮੁੰਨਿਆਂ ਵੀ ਤੇ ਫੇਰ ਵੀ 50 ਪੱਲਿਓਂ ਹੀ ਪਾਉਣੇ ਪਏ।" ਪਟਵਾਰੀ ਸਾਹਿਬ ਆਪਣੇ ਸਾਥੀ ਨਾਲ ਬੈਠੇ ਬੁੜ੍ਹੇ ਦਾ ਨਾਮ ਲੈ-ਲੈ ਕੇ ਪੀ ਰਹੇ ਸਨ ਕਿ ਬੂਹਾ ਖੜਕਿਆ। ਪਟਵਾਰੀ ਸਾਹਿਬ ਨਸ਼ੇ 'ਚ ਗੁੱਟ ਹੋਏ ਹੌਲੀ-ਹੌਲੀ ਬੂਹੇ ਤੱਕ ਪਹੁੰਚੇ ਤੇ ਬੂਹਾ ਖੋਲਿਆ।

"ਐਹ ਤੁਹਾਡੀ ਤਾਰ ਆਈ ਆ ਜੀ" ਤਾਰਾਂ ਵੰਡਣ ਵਾਲੇ ਨੇ ਆਪਣੀ ਕਾਰਵਾਈ ਕੀਤੀ ਤੇ ਚਲਾ ਗਿਆ। ਤਾਰ ਪੜੀ ਤਾਂ ਪਟਵਾਰੀ ਸਾਹਿਬ ਦੇ ਇੱਕ ਦਮ ਖਾਨਿਓ ਹੀ ਗਈ "ਸ਼ਤੀਸ ਮੈੱਟ ਵਿੱਦ ਐਕਸੀਡੈਂਟ ਐਂਡ ਐਕਸਪਾਇਰਡ"

ਤਾਰ ਪੜ੍ਹਦਿਆਂ ਹੀ ਪਟਵਾਰੀ ਸਾਹਿਬ ਬੇਹੋਸ਼ ਹੋ ਕੇ ਡਿੱਗ ਪਏ, ਹੋਸ਼ ਆਉਣ 'ਤੇ ਇੱਕ ਦਮ ਬੁੱਢੇ ਦਾ ਖਿਆਲ ਆਇਆ ਕਿ ਕਿਸ ਤਰ੍ਹਾਂ ਉਸ ਨੇ ਉਸ ਗਰੀਬ ਬੁੱਢੇ ਨੂੰ ਪ੍ਰੇਸ਼ਾਨ ਕੀਤਾ ਸੀ। ਸਤੀਸ਼ ਪਟਵਾਰੀ ਸਾਹਿਬ ਦਾ ਇਕਲੌਤਾ ਪੁੱਤਰ ਸੀ ਅਤੇ ਇਸ ਸਾਲ ਐਮ-ਕਾਮ ਆਖਰੀ ਸਾਲ ਕਰ ਰਿਹਾ ਸੀ।

ਪਟਵਾਰੀ ਸਾਹਿਬ ਦੇ ਆਪਣੇ ਸਾਰੇ ਅਰਮਾਨ ਇੱਕ ਦਮ ਖਾਕ ਹੋ ਗਏ ਅਤੇ ਭਵਿੱਖ ਬਿਲਕੁਲ ਹਨੇਰਾ ਹੋ ਚੁੱਕਿਆ ਸੀ ਉਸਦੇ ਬੁਢਾਪੇ ਦਾ ਸਹਾਰਾ ਖਤਮ ਹੋ ਗਿਆ ਸੀ। ਹੁਣ ਉਹ ਉਸ ਗਰੀਬ ਬਜ਼ੁਰਗ ਨੂੰ ਤੰਗ ਕਰਨ 'ਤੇ ਵਾਰ-ਵਾਰ ਪਛਤਾਅ ਰਿਹਾ ਸੀ।

✲✲✲

# ਖੁਸ਼ੀ ਤੋਂ ਗਮੀ ਤੱਕ

"ਚਲ ਯਾਰ ਚੱਲੀਏ। ਮੁੜ ਕੇ ਵੀ ਆਉਣਾ ਕਿ ਨਹੀਂ।" ਪਾਲ ਆਪਣੇ ਦੋਸਤ ਬਿੰਦਰ ਨੂੰ ਸ਼ਹਿਰ ਜਾਣ ਲਈ ਕਾਹਲੀ ਕਰਨ ਲਈ ਕਹਿ ਰਿਹਾ ਸੀ। ਦੋਵੇਂ ਇੱਕ ਹੀ ਮਹਿਕਮੇ ਦੇ ਮੁਲਾਜ਼ਮ ਸਨ ਤੇ ਉਹਨਾਂ ਨੇ ਸ਼ਹਿਰ ਬਿੰਦਰ ਦੇ ਲੜਕੇ ਦੇ ਜਨਮ-ਦਿਨ ਦੀ ਖੁਸ਼ੀ 'ਚ ਮਿਠਾਈ ਲੈਣ ਲਈ ਜਾਣਾ ਸੀ। ਪੰਜ ਸਾਲ ਤੋਂ ਬਿੰਦਰ ਦੇ ਘਰ ਕੋਈ ਬੱਚਾ ਨਹੀਂ ਸੀ ਹੋਇਆ ਤੇ ਪਿਛਲੇ ਸਾਲ ਹੀ ਪ੍ਰਮਾਤਮਾ ਦੀ ਕਿਰਪਾ ਸਦਕਾ ਉਨ੍ਹਾਂ ਦੇ ਘਰ ਬਹੁਤ ਹੀ ਸੋਹਣਾ ਲੜਕਾ ਪੈਦਾ ਹੋਇਆ ਸੀ। ਬੱਚਾ ਦੇਖਣ ਨੂੰ ਇੰਨਾ ਸੋਹਣਾ ਕਿ ਦੇਖਦਿਆਂ ਭੁੱਖ ਲਹਿੰਦੀ ਸੀ ਪਰ ਕਿਸ ਦੀ ਕਿਸਮਤ ਵਿੱਚ ਕੀ ਲਿਖਿਆ ਹੈ ਇਹ ਤਾਂ ਉਹ ਹੀ ਜਾਣਦਾ ਹੈ।

ਘਰ ਰੱਖੇ ਹੋਏ ਅਖੰਡ ਪਾਠ ਦਾ ਭੋਗ ਕੱਲ੍ਹ ਪੈਣਾ ਸੀ। ਬਿੰਦਰ ਅਣਮੰਨੇ ਜਿਹੇ ਚਿੱਤ ਨਾਲ ਪਾਲ ਦੇ ਕਹਿਣ 'ਤੇ ਸ਼ਹਿਰ ਆ ਗਿਆ। ਸ਼ਹਿਰ ਤੋਂ ਮਠਿਆਈ ਤੇ ਖਿਡੌਣੇ ਆਦਿ ਖਰੀਦੇ ਅਤੇ ਵਾਪਿਸ ਪਿੰਡ ਨੂੰ ਤੁਰ ਪਏ। ਪਾਲ ਨੇ ਪਿੰਡ ਨੂੰ ਜਾਣ ਲਈ ਰਾਹ 'ਤੇ ਸਕੂਟਰ ਰੋਕਿਆ। ਦੋਵੇਂ ਬੱਸ ਦੀ ਇੰਤਜ਼ਾਰ 'ਚ ਖੜ੍ਹੇ ਸਨ ਕਿ ਅਚਾਨਕ ਪਿੱਛੋਂ ਆਉਂਦਾ ਟਰੱਕ ਦੋਹਾਂ ਉੱਪਰ ਆ ਚੜ੍ਹਿਆ ਤੇ ਦੋਵਾਂ ਦੀ....। ਤੇ ਅਗਲੇ ਦਿਨ ਪਿੰਡ ਵਾਲੇ ਤੇ ਆਏ ਸੱਜਣ ਮਿੱਤਰ ਬਿੰਦਰ ਦੇ ਜਨਾਜ਼ੇ ਨਾਲ ਜਾ ਰਹੇ ਸਨ।

✲✲✲

# ਲਾਡ

"ਖ਼ਬਰਦਾਰ ਜੇ ਕਿਸੇ ਨੇ ਮੇਰੀ ਧੀ ਨੂੰ ਹੱਥ ਵੀ ਲਾਇਆ ਤਾਂ, ਆ ਪੁੱਤ ਆ, ਆ ਖਾਂ ਮੇਰੀ ਸੋਹਣੀ ਧੀ।" ਮਾਂ ਦੇ ਕੁਝ ਝਿੜਕਣ ਤੇ ਪਿਉ ਨੇ ਉਲਟ ਕੇ ਆਪਣੀ ਘਰ ਵਾਲੀ ਨੂੰ ਘੂਰਿਆ ਅਤੇ ਆਪਣੀ ਧੀ ਨੂੰ ਚੁੱਕ ਕੇ ਆਪਣੇ ਗਲ ਲਾ ਲਿਆ।

ਬੱਚਿਆਂ ਨਾਲ ਜ਼ਰੂਰਤ ਤੋਂ ਜ਼ਿਆਦਾ ਪਿਆਰ ਠੀਕ ਨਹੀਂ ਹੁੰਦਾ, ਜਦ ਕਦੀ ਭੋਲੀ ਦੀ ਮਾਂ ਇਹ ਕਹਿੰਦੀ ਤਾਂ ਬੰਤਾ ਸਿੰਘ ਉਸ ਦੀ ਪਰਵਾਹ ਨਾ ਕਰਦਾ। ਬੰਤਾ ਸਿੰਘ ਦੀ ਇਹ ਇਕਲੌਤੀ ਧੀ ਉਨ੍ਹਾਂ ਦੇ ਵਿਆਹ ਤੋਂ ਪੂਰੇ ਦਸ ਸਾਲ ਬਾਅਦ ਹੋਈ ਸੀ, ਇਸੇ ਕਰਕੇ ਜ਼ਿਆਦਾ ਹੀ ਲਾਡਲੀ ਸੀ। ਪਿਉ ਦੀ ਇਹ ਖਾਹਿਸ਼ ਸੀ ਉਹਨਾਂ ਦੀ ਧੀ ਪੜ੍ਹ ਲਿਖ ਕੇ ਬਹੁਤ ਵੱਡੀ ਅਫ਼ਸਰ ਬਣੇਗੀ ਅਤੇ ਉਹਨਾਂ ਦਾ ਨਾਮ ਰੌਸ਼ਨ ਕਰੇਗੀ। ਬੰਤ ਸਿੰਘ ਨੇ ਆਪਣੀ ਧੀ ਦੀ ਹਰ ਇੱਕ ਮੰਗ ਪੂਰੀ ਕੀਤੀ ਕਿਉਂਕਿ ਉਹ ਉਸ ਦੀਆਂ ਅੱਖਾਂ ਵਿੱਚ ਹੰਝੂ ਨਹੀਂ ਸੀ ਵੇਖ ਸਕਦਾ। ਇਸ ਸਬੰਧ ਵਿੱਚ ਜੇਕਰ ਕਦੀ ਉਸਦੀ ਘਰ ਵਾਲੀ ਕੁਝ ਕਹਿੰਦੀ ਤਾਂ ਉਹ ਉਸਦੀ ਪਰਵਾਹ ਨਾ ਕਰਦਾ। ਲਾਡਾਂ ਅਤੇ ਪਿਆਰਾਂ ਵਿੱਚ ਪਲੀ ਪਿੰਡ ਦੇ ਤੰਗ ਵਾਤਾਵਰਣ ਵਿੱਚ ਰਹਿੰਦੀ ਭੋਲੀ ਹੁਣ ਜੁਆਨੀ ਦੀ ਦਹਿਲੀਜ਼ 'ਤੇ ਪੈਰ ਰੱਖ ਚੁੱਕੀ ਸੀ। ਮੁੱਢਲੀ ਵਿੱਦਿਆ ਦੇਹਰਾਦੂਨ ਤੋਂ ਪ੍ਰਾਪਤ ਕਰਨ ਤੋਂ ਬਾਅਦ ਉੱਚ-ਵਿੱਦਿਆ ਲਈ ਭੋਲੀ ਨੇ ਦਿੱਲੀ ਵਿਸ਼ਵ-ਵਿਦਿਆਲੇ ਵਿਚ ਦਾਖਲਾ ਲੈ ਲਿਆ।

ਉੱਥੋਂ ਉਹ ਕਦੀ ਕਦਾਈਂ ਘਰਦਿਆਂ ਨੂੰ ਮਿਲ ਜਾਂਦੀ ਸੀ ਤੇ ਇਸ ਤਰ੍ਹਾਂ ਉਸਦੇ ਤਿੰਨ ਸਾਲ ਤਿੰਨ ਪਲਾਂ ਦੀ ਤਰ੍ਹਾਂ ਹੀ ਬੀਤ ਗਏ। ਬੰਤਾ ਸਿੰਘ ਬੜੇ ਚਾਵਾਂ ਤੇ ਸੱਧਰਾਂ ਨਾਲ ਆਪਣੀ ਧੀ ਨੂੰ ਦਿੱਲੀ ਲੈਣ ਲਈ ਗਿਆ। ਭੋਲੀ ਨਾਲ ਇੱਕ ਓਪਰੇ ਲੜਕੇ ਨੂੰ ਦੇਖਕੇ ਉਹ ਇੱਕ ਦਮ ਹੈਰਾਨ ਰਹਿ ਗਿਆ। ਇਸ ਤੋਂ ਪਹਿਲਾਂ ਕਿ ਬੰਤਾ ਸਿੰਘ ਕੁਝ ਪੁੱਛਣ ਲਈ ਆਪਣੀ ਜ਼ੁਬਾਨ ਖੋਲ੍ਹਦਾ, ਭੋਲੀ ਦੱਸਣ ਲੱਗੀ, "ਇਹ ਮੇਰੇ ਦੋਸਤ ਰਮੇਸ਼ ਹਨ, ਡੈਡੀ ਮੇਰੇ ਨਾਲ ਹੀ ਪੜ੍ਹਦੇ ਹਨ ਤੇ ਅਸੀਂ ਇੱਕ ਦੂਸਰੇ ਨੂੰ।"... ਬੰਤਾ ਸਿੰਘ ਕਦੀ ਭੋਲੀ ਵੱਲ ਤੇ ਕਦੀ ਉਸਦੇ ਦੋਸਤ ਰਮੇਸ਼ ਵੱਲ ਤੱਕ ਰਿਹਾ ਸੀ।

✲✲✲

# ਬੰਦ ਦਰਵਾਜ਼ਾ

ਹਰ ਰੋਜ਼ ਦੀ ਤਰ੍ਹਾਂ ਅੱਜ ਵੀ ਪਾਲ ਸਿੰਘ ਨਸ਼ੇ 'ਚ ਗੁੱਟ ਹੋਇਆ ਆ ਰਿਹਾ ਸੀ। ਉਸ ਦੇ ਕਦਮ ਲੜਖੜਾ ਰਹੇ ਸਨ। ਆਉਂਦਿਆਂ ਹੀ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਜਦ ਉਹ ਨਸ਼ੇ 'ਚ ਹੁੰਦਾ ਤਾਂ ਉਸ ਨੂੰ ਕੁਝ ਵੀ ਪਤਾ ਨਹੀਂ ਸੀ ਲੱਗਦਾ ਕਿ ਉਹ ਕਿਸ ਨੂੰ ਕੀ ਕਹਿ ਰਿਹਾ ਹੈ। ਕਈ ਵਾਰੀ ਤਾਂ ਉਹ ਬਿਸ਼ਨੀ ਨੂੰ ਕੁੱਟਣ ਤੋਂ ਵੀ ਦਰੇਗ ਨਾ ਕਰਦਾ।

ਪਾਲ ਸਿੰਘ ਮਾਪਿਆਂ ਦੇ ਘਰ ਇਕੱਲਾ ਇਕਹਿਰਾ ਪੁੱਤ ਸੀ। ਚਾਅ ਤੇ ਲਾਡ ਨੇ ਉਸ ਨੂੰ ਜ਼ਿਆਦਾ ਹੀ ਵਿਗਾੜ ਦਿੱਤਾ ਸੀ। ਮਾਂ ਪਿਉ ਨੇ ਕਦੀ ਫੁੱਲ ਭਰ ਵੀ ਨਹੀਂ ਸੀ ਲਾਈ। ਨਤੀਜਾ ਇਹ ਨਿੱਕਲਿਆ ਕਿ ਪਾਲ ਸਿੰਘ ਸ਼ਰਾਬ ਦਾ ਆਦੀ ਤਾਂ ਕਾਫ਼ੀ ਦੇਰ ਦਾ ਬਣ ਚੁੱਕਾ ਸੀ ਪਰ ਹੁਣ ਖੇਤਾਂ 'ਚ ਕੰਮ ਕਰਦੀਆਂ ਕਾਮੀਆਂ ਨੂੰ ਵੀ ਬੁਰੀ ਨਿਗ੍ਹਾ ਨਾਲ ਤੱਕਣ ਲੱਗ ਪਿਆ ਸੀ। ਘਾਹ ਖੋਤਣ ਵਾਲੀਆਂ, ਪੱਠੇ ਵੱਢਣ ਵਾਲੀਆਂ ਆਦਿ ਤਾਂ ਉਸ ਨੇ...। ਸੰਤੂ ਨੂੰ ਆਏ ਦਿਨ ਕੋਈ ਨਾ ਕੋਈ ਉਲਾਂਭਾ ਮਿਲ ਜਾਂਦਾ ਤੇ ਤੰਗ ਆ ਕੇ ਉਸ ਨੇ ਪਾਲ ਦਾ ਵਿਆਹ ਕਰ ਦਿੱਤਾ।

ਬਿਸ਼ਨੀ ਵੀ ਮਾਪਿਆਂ ਦੇ ਘਰ ਇਕੱਲੀ ਬੇਟੀ ਸੀ। ਲਾਡਾਂ ਤੇ ਚਾਵਾਂ 'ਚ ਪਲੀ ਬਿਸ਼ਨੀ ਪਾਲ ਸਿੰਘ ਦੀਆਂ ਨਿੱਤ ਦੀਆਂ ਹਰਕਤਾਂ ਤੋਂ ਤੰਗ ਆ ਗਈ। ਪਾਲ ਦੇ ਸਹੁਰਿਆਂ ਵੀ ਬਹੁਤ ਸਮਝਾਇਆ ਪਰ ਵਿਅਰਥ। ਉਹਨਾਂ ਦੇ ਵਿਆਹ ਹੋਏ ਨੂੰ ਅੱਜ 20 ਸਾਲ ਦੇ ਲਗਭਗ ਹੋ ਗਏ ਸਨ ਪਤਾ ਨਹੀਂ ਕਿਵੇਂ ਗਲਤੀ ਨਾਲ ਉਹਨਾਂ ਦੇ ਘਰ ਇਕ ਲੜਕੀ ਵੀ ਪੈਦਾ ਹੋ ਗਈ। ਭੋਲੀ ਹੁਣ ਅਠਾਰਾਂ ਸਾਲ ਨੂੰ ਪਹੁੰਚਣ ਲੱਗੀ ਸੀ ਤੇ ਕਾਲਜ ਵਿੱਚ ਪੜ੍ਹਦੀ ਸੀ।

ਮਜ਼ਹਬੀਆਂ ਦੀ ਤਾਰੋ ਨਾਲ ਪਾਲ ਦੀ ਪੁਰਾਣੀ ਯਾਰੀ ਸੀ। ਪਹਿਲਾਂ-ਪਹਿਲਾਂ ਤਾਂ ਤਾਰੋ ਲੁਕ ਛਿਪ ਕੇ ਮਿਲਿਆ ਕਰਦੀ ਸੀ ਪ੍ਰੰਤੂ ਪਿਛਲੇ ਕੁਝ ਦਿਨਾਂ ਤੋਂ ਉਹ ਸ਼ਰ੍ਹੇਆਮ ਹੀ ਉਸ ਦੇ ਘਰ ਆਉਣ ਲੱਗ ਪਈ ਸੀ। ਬਿਸ਼ਨੀ ਨੇ ਆਪਣੀ ਜਵਾਨ ਧੀ ਦਾ ਵਾਸਤਾ ਪਾਇਆ ਪਰ ਪਾਲ ਦੇ ਦਿਮਾਗ਼ 'ਚ ਦਿਲ 'ਚ ਤਾਰੋ ਵਸੀ ਹੋਈ ਸੀ ਜਿਸ ਕਰਕੇ ਕੋਈ ਅਸਰ ਨਹੀਂ ਸੀ ਹੁੰਦਾ। ਸਬਰ ਦੀ ਵੀ ਕੋਈ ਹੱਦ ਹੁੰਦੀ ਹੈ। ਕਦ ਤਕ ਇੱਕ ਔਰਤ ਆਪਣੇ ਪਤੀ ਨੂੰ ਬੇਗਾਨੀ ਔਰਤ ਨਾਲ ਦੇਖ ਕੇ ਬਰਦਾਸ਼ਤ ਕਰ ਸਕਦੀ ਹੈ। ਬਿਸ਼ਨੀ ਦੇ ਭਰਾਵਾਂ ਨੇ ਇੱਕ ਦੋ ਵਾਰੀ ਪਾਲ ਨੂੰ ਧਮਕਾਇਆ ਵੀ ਪਰ ਵਿਅਰਥ।

ਅਖੀਰ ਆਪਣੇ ਭਰਾਵਾਂ ਦੇ ਕਹਿਣ ਅਨੁਸਾਰ ਉਸ ਨੇ ਇਹ ਤਰਕੀਬ ਬਣਾਈ।

ਅੱਜ ਵੀ ਨਸ਼ੇ 'ਚ ਗੁੱਟ ਪਾਲ ਘਰ ਆਇਆ ਤਾਂ ਉਸ ਦੇ ਨਾਲ ਤਾਰੋ ਹੀ ਸੀ। ਉਸ ਦੇ ਕਦਮ ਨਸ਼ੇ ਕਾਰਨ ਲੜਖੜਾ ਰਹੇ ਸਨ। ਬਿਨਾਂ ਕਿਸੇ ਗੱਲ ਦੇ ਉਸ ਨੇ ਬਿਸ਼ਨੀ ਨੂੰ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਜਦ ਉਹ ਕਦੀ ਜ਼ਿਆਦਾ ਨਸ਼ਾ ਕਰ ਲੈਂਦਾ ਤਾਂ ਅਜਿਹਾ ਹੀ ਕਰਦਾ ਸੀ। ਕੁਝ ਚਿਰ ਬਾਅਦ ਘਰ ਭੋਲੀ ਨਾ ਦੇਖ ਕੇ ਉਸਨੇ ਬਿਸ਼ਨੀ ਨੂੰ ਭੋਲੀ ਬਾਰੇ ਪੁੱਛਿਆ ਤਾਂ ਬਿਸ਼ਨੀ ਨੇ ਦੱਸਿਆ ਕਿ ਉਹ ਆਪਣੇ ਕਮਰੇ ਵਿੱਚ ਹੈ ਪਰ ਤੁਸੀਂ ਉਸ ਨੂੰ ਅਜੇ ਨਹੀਂ ਦੇਖ ਸਕਦੇ। "ਕੀ ਮਤਲਬ" ਪਾਲ ਦੀ ਪੀਤੀ ਇਕਦਮ ਲਹਿ ਗਈ ਜਾਪੀ ਉਹ ਕਾਹਲੇ ਕਦਮੀਂ ਭੋਲੀ ਦੇ ਕਮਰੇ ਵੱਲ ਵਧਿਆ ਪਰ ਦਰਵਾਜ਼ਾ ਅੰਦਰੋਂ ਲੱਗਿਆ ਹੋਇਆ ਸੀ। ਪਾਲ ਨੇ ਕੁੰਡਾ ਖਟ-ਖਟਾਇਆ ਪਰ ਦਰਵਾਜ਼ਾ ਨਾ ਖੁੱਲ੍ਹਿਆ। ਮੈਂ ਜੁ ਕਿਹਾ ਤੁਸੀਂ ਉਸ ਨੂੰ ਅਜੇ ਨਹੀਂ ਮਿਲ ਸਕਦੇ, "ਕਿਉਂ ਨਹੀਂ ਮਿਲ ਸਕਦਾ, ਭੋਲੀ, ਭੋਲੀ ਬੂਹਾ ਖੋਲ੍ਹ" ਉਸ ਨੇ ਜਿਵੇਂ ਕੀਰਨੇ ਪਾਉਣੇ ਸ਼ੁਰੂ ਕਰ ਦਿੱਤੇ ਸਨ।

ਉਸ ਦਾ ਦੋਸਤ ਉਸ ਨੂੰ ਮਿਲਣ ਲਈ ਆਇਆ ਹੈ।

ਭੋਲੀ ਦਾ ਦੋਸਤ! ਭੋਲੀ ਦਾ ਦੋਸਤ?

ਹਾਂ ਹਾਂ ਕਿਉਂ ਨਹੀਂ। ਜੇ ਤੁਸੀਂ ਵਿਆਹ ਕਰਵਾ ਕੇ ਵੀ ਬੇਗਾਨੀਆਂ ਔਰਤਾਂ ਨਾਲ ਖੇਹ ਖਾ ਸਕਦੇ ਹੋ ਤਾਂ ਕੀ ਭੋਲੀ ਆਪਣੇ ਦੋਸਤ ਨਹੀਂ ਨਹੀਂ...। ਪਾਲ ਕਦੀ ਬੰਦ ਦਰਵਾਜ਼ੇ ਵੱਲ ਅਤੇ ਕਦੀ ਤਾਰੋ ਵੱਲ ਵੇਖ ਰਿਹਾ ਸੀ।

✲✲✲

# ਅਭੁੱਲ ਯਾਦ

"ਟੂ ਟਿਕਟਸ ਪਲੀਜ਼"

–ਊਸ਼ਾ?

ਉਸਦੀ ਅਵਾਜ਼ ਨੂੰ ਚਿਰਾਂ ਤੋਂ ਤਰਸਦਿਆਂ, ਮੇਰੇ ਮੂੰਹ 'ਚੋਂ ਅਚਾਨਕ ਹੀ ਨਿਕਲ ਗਿਆ। ਉਸਨੇ ਮੁੜ ਕੇ ਇਕ ਵਾਰ ਮੇਰੇ ਵਲ ਉਸੇ ਅੰਦਾਜ਼ 'ਚ ਤੱਕਿਆ, ਮੁਸਕਰਾਈ ਤੇ ਦੂਸਰੇ ਹੀ ਪਲ, ਉਡੀਕ 'ਚ ਖੜ੍ਹੇ ਆਪਣੇ ਪਤੀ ਵੱਲ ਤੇਜ਼ੀ ਨਾਲ ਵਧ ਗਈ।

ਮੈਂ ਮੋਗੇ ਤੋਂ ਬਦਲ ਕੇ ਨਵਾਂ ਹੀ ਚੰਡੀਗੜ੍ਹ ਗਿਆ ਸੀ। ਦੋ ਚਾਰ ਦਿਨ ਆਪਣੇ ਇਕ ਸਾਥੀ ਨਾਲ ਬਿਤਾਉਣ ਬਾਅਦ ਮੈਂ ਕਮਰੇ ਦੀ ਤਲਾਸ਼ 'ਚ ਨਿਕਲਿਆ। ਮੈਂ ਜ਼ਰੂਰਤ ਤੋਂ ਜ਼ਿਆਦਾ ਕਿਸੇ ਨੂੰ ਤੰਗ ਕਰਨ ਦਾ ਆਦੀ ਨਹੀਂ ਹਾਂ। ਦੋ ਚਾਰ ਕਮਰੇ ਦੇਖੇ, ਜੋ ਜਗ੍ਹਾ ਠੀਕ ਥਾਂ ਤੇ ਮਿਲਦੀ ਤਾਂ ਤਨਖਾਹ, ਕਮਰਾ ਲੈਣ ਲਈ ਹੁੰਗਾਰਾ ਨਾ ਭਰਦੀ ਤੇ ਜੇ ਕਿਧਰੇ ਹਿਸਾਬ ਨਾਲ ਕੋਈ ਕਮਰਾ ਬਣਦਾ ਤਾਂ ਮਕਾਨ ਮਾਲਕਾਂ ਦੀ ਜ਼ਰੂਰਤ ਤੋਂ ਜ਼ਿਆਦਾ ਦਖਲ–ਅੰਦਾਜ਼ੀ ਹੁੰਦੀ।

"ਯਾਰ ਪਾਲ ਕੋਈ ਕਮਰਾ–ਕੁਮਰਾ ਦੱਸ ਕਿਰਾਏ 'ਤੇ, ਬੜੇ ਔਖੇ ਹੁੰਦੇ ਹਾਂ ਤੇਰੇ ਸ਼ਹਿਰ ਵਿੱਚ, ਕੋਈ ਕਮਰਾ ਹੀ ਨਹੀਂ ਮਿਲਦਾ। ਜੇ ਕਿਧਰੇ ਕੋਈ ਮਾੜਾ ਮੋਟਾ ਹੁੰਗਾਰਾ ਭਰਦਾ ਹੈ ਤਾਂ ਵਿਆਹ ਦਾ ਲਾਈਸੈਂਸ ਨਾ ਹੋਣ ਕਰਕੇ ਰਹਿ ਜਾਂਦਾ।" ਮਕਾਨ 'ਚ ਮੇਰਾ ਪਹਿਲਾ ਦਿਨ ਸੀ। ਸਾਰਾ ਦਿਨ ਕਿਤਾਬਾਂ ਨਾਲ ਮੱਥਾ ਮਾਰਨ ਉਪਰੰਤ ਜਦ ਸ਼ਾਮ ਨੂੰ ਬੂਹੇ 'ਚ ਮੇਰਾ ਸੁਆਗਤ ਮਿਸ ਊਸ਼ਾ ਜੀ ਨੇ ਇਸ ਤਰ੍ਹਾਂ ਕੀਤਾ ਜਿਸ ਤਰ੍ਹਾਂ ਸਾਡਾ ਸਦੀਆਂ ਪੁਰਾਣਾ ਨਾਤਾ ਹੁੰਦਾ ਹੈ। ਮੈਂ ਆਪਣੇ ਕਮਰੇ 'ਚ ਜਾ ਵੜਿਆ। ਬੰਨ੍ਹਿਆ ਹੋਇਆ ਖਿੰਡਿਆ–ਪੁੰਡਿਆ ਸਾਮਾਨ ਮੇਰੀ ਗਰੀਬੀ ਤੇ ਨੌਕਰੀ 'ਤੇ ਮੂੰਹ ਚਿੜਾ ਰਿਹਾ ਸੀ। ਮੈਂ ਆਪਣਾ ਮੰਜਾ ਬਿਸਤਰਾ ਠੀਕ ਕੀਤਾ ਪਰ ਗਰਮੀ ਦੇ ਮਾਰੇ ਮੇਰਾ ਦਮ ਘੁੱਟ ਰਿਹਾ ਸੀ। ਜ਼ਰੂਰਤ ਮਹਿਸੂਸ ਕਰਦੇ ਹੋਏ ਊਸ਼ਾ ਨੇ ਆਪਣਾ ਹੈਂਡ ਫੈਨ, ਇਕ ਜੁਆਕ ਦੇ ਹੱਥ ਦੇ ਘੱਲਿਆ। ਮੈਂ ਹਾਲਾਤ ਨੂੰ ਧਿਆਨ 'ਚ ਰੱਖਦੇ ਹੋਏ ਝਿਜਕਦੇ–ਝਿਜਕਦੇ ਪੱਖਾ ਲੈ ਲਿਆ। ਪਤਾ ਲੱਗਾ ਕਿ ਮੇਰਾ ਮਕਾਨ ਮਾਲਕ ਤੇ ਮਾਲਕਣ ਦੋਵੇਂ ਕਿਧਰੇ ਬਾਹਰ ਗਏ ਹੋਏ ਸਨ ਅਤੇ ਉਹ ਕੱਲ੍ਹ ਨੂੰ ਆਉਣ ਵਾਲੇ ਸਨ। ਘਰ 'ਚ ਉਸ ਤੋਂ ਬਿਨਾਂ ਮਕਾਨ ਮਾਲਕ ਦੇ ਦੋ ਜੁਆਕ ਤੇ ਇੱਕ ਨਾਨੀ ਸੀ, ਜੋ ਕਾਫੀ ਬਿਰਧ ਸੀ।

ਪਹਿਲਾਂ ਦਿਨ ਹੋਣ ਕਰਕੇ ਰੋਟੀ ਬਾਹਰੋਂ ਹੋਟਲ ਤੋਂ ਹੀ ਖਾ ਆਇਆ ਸੀ ਕਿਉਂਕਿ

ਮੈਂ ਅਜੇ ਆਪਣੀ ਰਸੋਈ ਤਿਆਰ ਨਹੀਂ ਸੀ ਕੀਤੀ। ਕੁਝ ਹੀ ਪਲਾਂ ਬਾਅਦ ਬੁੱਢੀ ਨਾਨੀ ਨੂੰ ਸਿਫਾਰਿਸ਼ ਕਰਕੇ ਮੇਰੇ ਲਈ ਉਹ ਇਕ ਥਾਲ 'ਚ ਖਾਣਾ ਪਰੋਸ ਲਿਆਈ; ਬੇਬੇ ਜੀ ਵਿਚਾਰਾ ਕਿਥੋਂ ਰੋਟੀ ਬਣਾਏਗਾ, ਆਪਾਂ ਇਥੋਂ ਹੀ ਦੇ ਦਿੰਨੇ ਆਂ ਦੋ ਫੁਲਕੇ ਤੇ ਦਾਲ। ਉਸਦੇ ਵਾਲਾਂ 'ਚੋਂ ਜਿਵੇਂ ਫੁੱਲਾਂ ਦੀ ਮਹਿਕ ਆ ਰਹੀ ਸੀ ਤੇ ਮੇਰਾ ਮਨ ਉਸ ਮਹਿਕ ਨਾਲ ਹੀ ਤਰੋਤਾਜ਼ਾ ਹੋ ਰਿਹਾ ਸੀ। ਧੋਤੀ ਮੂੰਗੀ ਦੀ ਦਾਲ ਵੀ ਮੈਂ ਮੁਰਗਾ ਸਮਝ ਖਾ ਰਿਹਾ ਸੀ। ਮੈਂ ਦੋ ਫੁਲਕੇ ਫਿਰ ਵੀ ਖਾ ਹੀ ਲਏ ਤੇ ਥਾਲ ਵਾਪਿਸ ਭਿਜਵਾ ਦਿੱਤਾ। ਰਾਤ ਨੂੰ ਕੱਪੜੇ ਪ੍ਰੈਸ ਕਰਨ ਦੇ ਬਹਾਨੇ ਉਸ ਮੇਰੇ ਕਮਰੇ 'ਚ ਆ ਡੇਰਾ ਲਾਇਆ। ਟਿਊਬ ਦੀ ਦੁੱਧ ਚਿੱਟੀ ਚਾਨਣੀ 'ਚ ਉਸਦਾ ਚਿਹਰਾ ਪੁੰਨਿਆ ਦੇ ਚੰਦ ਵਾਂਗ ਚਮਕ ਰਿਹਾ ਸੀ। ਅੱਖਾਂ ਮੋਟੀਆਂ, ਕੰਨਾ 'ਚ ਜੋਗੀਆਂ ਦੀਆਂ ਮੁੰਦਰਾਂ ਵਰਗੇ ਤੁੰਗਲ, ਨੱਕ ਵਿੱਚ ਕੋਕਾ (ਸ਼ਾਇਦ ਡਾਇਮੰਡ ਦਾ ਸੀ) ਗਲ ਵਿੱਚ ਪਾਈ ਸੋਨੇ ਦੀ ਗਾਨੀ ਅਤੇ ਹੋਰ ਕਈ ਕੁਝ। ਸ਼ਾਇਦ ਇਹ ਵਿਆਹੀ ਹੋਈ ਹੈ, ਮੈਂ ਸੋਚਿਆ।

ਊਸ਼ਾ, ਮਕਾਨ ਮਾਲਕ ਦੀ ਨੇੜਿਉਂ ਭਾਣਜੀ ਲੱਗਦੀ ਸੀ। ਉਹ ਮੇਰੇ ਕਮਰੇ 'ਚ ਆਪਣੇ ਕੱਪੜੇ ਇਸਤਰੀ ਕਰ ਰਹੀ ਸੀ ਪਰ ਮੇਰੇ ਨੈਣ ਤੱਕ-ਤੱਕ ਨਹੀਂ ਸੀ ਰੱਜਦੇ ਉਸਨੂੰ। ਇਹੀ ਸ਼ੁਭ ਘੜੀ ਸੀ ਜਦ ਅਸੀਂ ਆਪਣੀ ਜ਼ੁਬਾਨ ਸਾਂਝੀ ਕੀਤੀ ਸੀ। ਉਸਦੀ ਆਵਾਜ਼ ਬਸ... ਜਵਾਬ ਨਹੀਂ। ਬੋਲਦਿਆਂ ਜਿਵੇਂ ਮੂੰਹ 'ਚੋਂ ਫੁੱਲ ਕਿਰਦੇ ਸਨ। ਅਸੀਂ ਕੁਝ ਹੀ ਪਲਾਂ 'ਚ ਪਤਾ ਨਹੀਂ ਕੀ-ਕੀ ਵਟਾ ਬੈਠੇ। ਉਹ ਕੱਪੜੇ ਇਸਤਰੀ ਕਰਕੇ ਚਲੀ ਗਈ ਪ੍ਰੰਤੂ ਉਸ ਦਾ ਦਿਲ ਅੰਦਰ ਨਹੀਂ ਸੀ ਲੱਗਦਾ। ਉਹ ਝਈਆਂ ਲੈ-ਲੈ ਕੇ ਬਾਹਰ ਨੂੰ ਆਉਂਦੀ। ਸ਼ਾਇਦ ਉਸ ਨੂੰ...।

ਮੈਂ ਖੜ੍ਹਾ ਦੇਖ ਰਿਹਾ ਸੀ ਕਿ ਇਹ ਉਹੀ ਊਸ਼ਾ ਹੈ ਜੋ ਇੱਕ ਦਿਨ 'ਚ ਹੀ ਮੇਰੇ ਇੰਨੀ ਨਜ਼ਦੀਕ ਆ ਗਈ ਸੀ। ਮੁਲਾਕਾਤ ਤੋਂ ਅਗਲੇ ਹੀ ਦਿਨ ਮੈਂ ਦਫ਼ਤਰੋਂ ਛੁੱਟੀ ਕੀਤੀ ਸੀ ਤੇ ਇਕੱਠਿਆਂ ਫ਼ਿਲਮ ਦੇਖੀ ਸੀ "ਬਿਨ ਫੇਰੇ ਹਮ ਤੇਰੇ'। ਊਸ਼ਾ ਨੇ ਉਸੇ ਦਿਨ ਮੇਰੇ ਨਾਲ ਜ਼ਿੰਦਗੀ ਭਰ ਸਾਥ ਦੇਣ ਦੇ ਵਾਅਦੇ ਕੀਤੇ ਸਨ। ਦੁਨੀਆਂ ਇੱਧਰ ਦੀ ਉੱਧਰ ਹੋ ਜਾਏ ਤੇ ਹੋਰ ਕਈ ਕੁਝ, ਜੋ ਜਨਾਨੀਆਂ ਅਕਸਰ ਕਰਦੀਆਂ ਹਨ। ਕੁਝ ਕੁ ਦਿਨ ਉੱਥੇ ਰਹਿ ਕੇ ਉਹ ਆਪਣੇ ਪਿੰਡ ਵਾਪਿਸ ਚਲੀ ਗਈ ਸੀ ਤੇ ਉਸਦੀ ਸ਼ਾਦੀ ਅਮਰੀਕਾ ਤੋਂ ਆਏ ਇੱਕ ਨੌਜਵਾਨ ਨਾਲ ਹੋ ਗਈ ਸੀ। ਊਸ਼ਾ ਦੀ ਜਵਾਨੀ ਤੇ ਠਾਠਾਂ ਮਾਰਦਾ ਹੁਸਨ ਦੇਖ ਕੇ ਅਮਰੀਕੀ ਨੌਜਵਾਨ ਪਹਿਲੀ ਨਜ਼ਰੇ ਹੀ ਕੀਲਿਆ ਗਿਆ ਸੀ ਤੇ ਅੱਜ ਪੂਰੇ ਪੰਜ ਸਾਲ ਬਾਅਦ ਦਰਸ਼ਨ ਹੋਏ ਸਨ ਉਸੇ "ਮਿਸ ਊਸ਼ਾ" ਦੇ ਇੱਕ ਸਿਨੇਮੇ ਵਿੱਚ।

"ਯਾਰ ਸੁੱਖੀ ਆ ਚੱਲੀਏ", ਕੀ ਦੇਖਦਾ ਹੈਂ ਖੜ੍ਹਾ, ਬੜਾ ਹੈਰਾਨ ਜਿਹਾ ਨਜ਼ਰ ਆ ਰਿਹਾ ਹੈਂ, ਨਹੀਂ-ਨਹੀਂ ਕੁਝ ਵੀ ਨਹੀਂ, ਮੈਂ ਤਾਂ ਐਵੇਂ... ਤੇ ਮੈਂ ਆਪਣੇ ਦੋਸਤਾਂ ਨਾਲ ਤੁਰ ਪਿਆ, ਪਰ ਮੇਰਾ ਦਿਲ ਇਸ ਵਕਤ ਵੀ ਉਸੇ "ਮਿਸ ਊਸ਼ਾ" ਵੱਲ ਸੀ। ਉਹ ਮੇਰੇ ਦਿਲ-ਦਿਮਾਗ ਤੇ ਛਾ ਚੁੱਕੀ ਸੀ ਮੈਨੂੰ ਇਤਬਾਰ ਨਹੀਂ ਸੀ ਆ ਰਿਹਾ ਆਪਣੀਆਂ ਅੱਖਾਂ 'ਤੇ। ਦਿਲ ਕੀਤਾ ਤਿੰਨ ਘੰਟੇ ਹੋਰ ਸਿਨੇਮੇ 'ਚ ਹੀ ਬਿਤਾਏ ਜਾਣ ਪਰ ਮੈਂ ਨਹੀਂ ਸੀ

ਚਾਹੁੰਦਾ ਕਿ ਮੇਰੇ ਦੋਸਤ ਇਸ ਬਾਰੇ ਜਾਨਣ। ਮੈਂ ਤੁਰਿਆ ਜਾ ਰਿਹਾ ਸਾਂ, ਪਤਾ ਨਹੀਂ ਕਿਸ ਮੰਜ਼ਲ ਵੱਲ। ਊਸ਼ਾ ਦੀ ਲਾਲੀ ਵਰਗੀਆਂ ਯਾਦਾਂ ਅੱਜ ਵੀ ਮੇਰੇ ਨਾਲ ਸਫ਼ਰ ਕਰ ਰਹੀਆਂ ਹਨ। ਅਮਰੀਕਾ ਵੱਸ ਗਈ ਊਸ਼ਾ ਦਾ ਚਿਹਰਾ ਅਕਸਰ ਮੇਰੀਆਂ ਅੱਖਾਂ ਸਾਹਵੇਂ ਝਲਕਦਾ ਰਹਿੰਦਾ ਹੈ।

✡✡✡

# ਤੜਫਦੀਆਂ ਰੂਹਾਂ

"ਕੀ ਗੱਲ ਹੈ ਸੁਖਜੀਤ ਅੱਜ

ਤੂੰ ਆ ਕੇ ਅੰਦਰ ਹੀ ਲੰਮਾ ਪੈ ਗਿਆ, ਕੋਈ ਗੱਲਬਾਤ ਨਹੀਂ ਸੁਣਾਈ।" ਮਕਾਨ ਮਾਲਕਨ ਪੁੱਛ ਰਹੀ ਸੀ।

"ਨਹੀਂ ਅੰਟੀ ਜੀ ਕੋਈ ਗੱਲ ਨਹੀਂ, ਵੈਸੇ ਹੀ ਮੇਰਾ ਮੂਡ ਖਰਾਬ ਹੈ।"

ਕੀ ਗੱਲ ਹੈ ਸੁੱਖ ਤਾਂ ਹੈ, ਕੋਈ ਘਰੋਂ ਚਿੱਠੀ ਆਈ ਹੈ।

ਨਹੀਂ ਅੰਟੀ ਜੀ, ਅਜਿਹੀ ਕੋਈ ਗੱਲ ਨਹੀਂ, ਵੈਸੇ ਹੀ।

ਤੂੰ ਸਵੇਰੇ ਤਾਂ ਚੰਗਾ ਭਲਾ ਹੱਸਦਾ ਖੇਡਦਾ ਗਿਆ ਸੀ, ਹੁਣ ਤੈਨੂੰ ਕੀ ਹੋ ਗਿਆ।

ਅੰਟੀ ਜੀ, "ਇਹ ਦੁਨੀਆ ਹੈ, ਇਸ ਦੁਨੀਆ ਤੋਂ ਹਰ ਭੇਤ ਛੁਪਾਉਣਾ ਪੈਂਦਾ ਹੈ ਅੰਦਰੋਂ ਫੁੱਟ-ਫੁੱਟ ਰੋਈਦਾ ਹੈ, ਉੱਤੋਂ ਮੁਸਕਰਾਉਣਾ ਪੈਂਦਾ ਹੈ।"

ਆਖਰ ਅਜਿਹੀ ਕਿਹੜੀ ਗੱਲ ਹੋ ਸਕਦੀ ਹੈ ਸਾਡੀ ਸਮਝ ਵਿੱਚ ਨਹੀਂ ਆਉਂਦਾ ਕੁਝ। ਚੱਲ ਸਾਨੂੰ ਗੱਲਾਂ ਨਾ ਦੱਸ। ਉੱਠ ਰੋਟੀ ਖਾ। ਮਾਲਕ ਮਕਾਨ ਦੀ ਲੜਕੀ ਇੱਕ ਥਾਲੀ ਵਿੱਚ ਰੋਟੀ ਪਾ ਕੇ ਲਿਆਈ। ਸੁੱਖੀ ਨੇ ਥੋੜੀ ਜਿਹੀ ਰੋਟੀ ਖਾਧੀ ਤੇ ਥਾਲੀ ਮੋੜ ਦਿੱਤੀ।

ਉਹ ਸੋਚ ਰਿਹਾ ਸੀ, ਅੱਜ ਪੂਰਾ ਮਹੀਨਾ ਹੋ ਗਿਆ, ਪਾਲੀ ਦਾ ਇਕ ਵੀ ਖ਼ਤ ਨਹੀਂ ਸੀ ਆਇਆ। ਆਖਿਰ ਕੀ ਕਾਰਨ ਹੋ ਸਕਦਾ ਹੈ? ਉਹ ਵਾਰ-ਵਾਰ ਇਹੀ ਸੋਚ ਰਿਹਾ ਸੀ ਕਿ ਉਹ ਅਜਿਹਾ ਕਰ ਤਾਂ ਨਹੀਂ ਸਕਦੀ ਪਰ... ਪਤਾ ਨਹੀਂ ਕਿਸ ਵੇਲੇ ਨੀਂਦ ਨੇ ਉਸਨੂੰ ਆਪਣੇ ਕਲਾਵੇ ਵਿੱਚ ਲੈ ਲਿਆ।

"ਤੁਸੀਂ ਆਪ ਵੀ ਚਾਹ ਪੀ ਲੈਣੀ ਕਿਤੇ ਲੋਕਾਂ ਨੂੰ ਹੀ ਨਾ ਪਿਲਾਉਂਦੇ ਰਹਿ ਜਾਣਾ ਤੇ ਆਪ ਵੇਖੋ ਜੀ... ਨਹੀਂ-ਨਹੀਂ ਅਜਿਹੀ ਕੋਈ ਗੱਲ ਨਹੀਂ, ਮੈਨੂੰ ਅਜੇ ਜ਼ਰੂਰਤ ਨਹੀਂ, ਜ਼ਰੂਰਤ ਹੋਵੇਗੀ ਤਾਂ ਪੀ ਲਵਾਂਗਾ, ਕੋਈ ਓਪਰਾ ਘਰ ਥੋੜੇ ਆ, ਆਪਣਾ ਹੀ ਤਾਂ ਹੈ। ਸੁਖਜੀਤ ਜ਼ਰਾ ਰੁਕ-ਰੁਕ ਕੇ ਬੋਲਿਆ ਸੀ।"

ਸੁਖਜੀਤ ਨੂੰ ਆਪਣੇ ਆਪ 'ਤੇ ਇਤਬਾਰ ਹੀ ਨਹੀਂ ਸੀ ਆ ਰਿਹਾ ਕਿ ਉਸ ਨੇ ਇਹ ਸਭ ਕੁਝ ਕਿਹਾ ਸੁਣਿਆ ਹੋਵੇਗਾ। ਉਸਨੂੰ ਇਹ ਸਭ ਕੁਝ ਇੱਕ ਸੁਪਨਾ ਲੱਗ ਰਿਹਾ ਸੀ।

ਸੁਖਜੀਤ ਦੀ ਪਾਲੀ ਨਾਲ ਇਹ ਪਹਿਲੀ ਮੁਲਕਾਤ ਆਪਣੇ ਦੋਸਤ ਪਾਲ ਦੀ ਸ਼ਾਦੀ ਤੇ ਹੋਈ ਸੀ। ਯਾਰ ਇਹ ਸੀ ਕੌਣ, ਸੁੱਖੀ ਪਾਲ ਨੂੰ ਪੁੱਛ ਰਿਹਾ ਸੀ, ਬੱਸ ਗਏ ਕਾਮ ਸੇ, ਪਾਲ ਇੱਕ ਕਹਿਕਹਾ ਲਗਾ ਕੇ ਹੱਸਿਆ ਸੀ। ਨਹੀਂ ਯਾਰ ਅਜਿਹੀ ਤਾਂ ਕੋਈ ਗੱਲ ਨਹੀਂ, ਪਰ ਪਤਾ ਨਹੀਂ ਸਾਲੀ ਕਿਉਂ ਇੰਨੀ ਪਿਆਰੀ ਲੱਗ ਰਹੀ ਹੈ, ਭੁਲਾਇਆਂ ਵੀ ਨਹੀਂ ਭੁੱਲਦੀ।

ਪਾਲ ਨੇ ਦੱਸਿਆ ਕਿ ਪਾਲੀ ਈਸਾਈਆਂ ਦੀ ਲੜਕੀ ਹੈ, ਉਨ੍ਹਾਂ ਦੇ ਗੁਆਂਢ ਰਹਿੰਦੀ ਹੈ ਅਤੇ ਦਸਵੀਂ ਵਿੱਚ ਪੜ੍ਹਦੀ ਹੈ। ਪਾਲੀ ਨੂੰ ਪਹਿਲੀ ਨਜ਼ਰ ਹੀ ਦੇਖ ਕੇ ਸੁਖਜੀਤ ਆਪਣਾ ਸਭ ਕੁਝ ਪਾਲੀ ਦੇ ਚੰਨ ਜਿਹੇ ਮੁੱਖੜੇ ਤੋਂ ਅਰਪਨ ਕਰ ਬੈਠਾ ਸੀ।

ਸੁਖਜੀਤ ਉਸ ਸਾਲ ਐਮ.ਏ. ਸਾਲ ਪਹਿਲਾ ਵਿੱਚ ਪੜ੍ਹਦਾ ਸੀ। ਮੁਲਾਕਾਤ ਦੇ ਅਗਲੇ ਹੀ ਦਿਨ ਸੁੱਖੀ ਪਾਲੀ ਦੇ ਸਕੂਲ ਦੇ ਰਸਤੇ ਤੇ ਪਾਲੀ ਦੀ ਇੰਤਜ਼ਾਰ ਵਿੱਚ ਖੜ੍ਹਾ ਸੀ। ਤਕਰੀਬਨ ਘੰਟੇ ਭਰ ਦੀ ਇੰਤਜ਼ਾਰ ਤੋਂ ਬਾਅਦ ਪਾਲੀ ਆਪਣੀਆਂ ਸਹੇਲੀਆਂ ਦੇ ਨਾਲ ਆਈ ਤੇ ਸੁਖਜੀਤ ਵੱਲ ਵੇਖ ਕੇ ਬੇ-ਪਰਵਾਹ ਜਿਹੀ ਹੋ ਕੇ ਲੰਘ ਗਈ। ਇਸ ਤਰ੍ਹਾਂ ਹਰ ਰੋਜ਼ ਸੁਖਜੀਤ ਪਾਲੀ ਦੇ ਰਸਤੇ 'ਤੇ ਗੇੜੇ ਮਾਰਦਾ ਰਿਹਾ ਪਰ ਸਭ ਵਿਅਰਥ, ਹਰ ਰੋਜ਼ ਪਾਲੀ ਨਾਲ ਉਸ ਦੀਆਂ ਸਹੇਲੀਆਂ ਹੁੰਦੀਆਂ।

ਇੱਕ ਦਿਨ ਅਚਾਨਕ ਸੁੱਖੀ ਦਾ ਆਖਰੀ ਪੀਰੀਅਡ ਵੇਹਲਾ ਹੋਣ ਕਰਕੇ ਜਲਦੀ ਘਰ ਪਰਤ ਰਿਹਾ ਸੀ ਕਿ ਉਸਨੂੰ ਪਾਲੀ ਇਕੱਲੀ ਮਿਲ ਗਈ, ਮੌਕਾ ਵੇਖ ਕੇ ਉਹ ਚਿੱਠੀ ਪਾਲੀ ਨੂੰ ਫੜਾ ਦਿੱਤੀ ਜਿਹੜੀ ਉਸ ਨੇ ਪਹਿਲੀ ਮੁਲਾਕਾਤ ਵਾਲੀ ਰਾਤ ਨੂੰ 10 ਵਜੇ ਤੱਕ ਬੈਠ ਕੇ ਲਿਖੀ ਸੀ।

ਵੈਸੇ ਸੁਖਜੀਤ ਰਾਤ ਨੂੰ ਦੇਰ ਤੱਕ ਜਾਗਣ ਦਾ ਆਦੀ ਤਾਂ ਨਹੀਂ ਸੀ ਪਰ ਉਸ ਰਾਤ ਪਤਾ ਨਹੀਂ ਨੀਂਦ ਉਸ ਦੀਆਂ ਅੱਖਾਂ ਵਿੱਚ ਆ ਹੀ ਨਹੀਂ ਰਹੀ ਸੀ, ਉਹ ਮੱਲੋ ਜੋਰੀ ਅੱਖਾਂ ਬੰਦ ਕਰਨ ਦੀ ਕੋਸਿਸ਼ ਕਰਦਾ ਪਰ ਵਿਅਰਥ। ਫਿਰ ਪਤਾ ਨਹੀਂ ਪਾਲੀ ਦੇ ਖਿਆਲਾਂ ਵਿੱਚ ਡੁੱਬੇ ਸੁੱਖੀ ਨੂੰ ਨੀਂਦ ਦੇ ਜ਼ਾਲਮ ਪੰਜੇ ਨੇ ਕਦੋਂ ਆ ਦਬੋਚਿਆ। ਉਸਨੂੰ ਤਾਂ ਉਸ ਵੇਲੇ ਪਤਾ ਚੱਲਿਆ ਜਦੋਂ ਉਸ ਦੀ ਮਾਤਾ ਜੀ ਕਹਿ ਰਹੀ ਸੀ, "ਸੁੱਖੀ ਵੇ ਸੁੱਖੀ, ਉੱਠ ਤੂੰ ਕਾਲਜ ਨੀ ਜਾਣਾ, ਉੱਠ-ਉੱਠ।" ਅੱਖਾਂ ਨੀਂਦ ਨਾਲ ਭਰੀਆਂ ਹੋਈਆਂ ਸਨ। ਉਹ ਅੱਖਾਂ ਮਲਦਾ-ਮਲਦਾ ਜਲਦੀ ਨਾਲ ਉੱਠਿਆ ਤੇ ਪਾਲੀ ਦੇ ਰਸਤੇ 'ਤੇ ਜਾ ਖੜਾ ਹੋਇਆ। ਪਾਲੀ ਨੇ ਚਿੱਠੀ ਤਾਂ ਫੜ ਲਈ ਤੇ ਚਲੀ ਗਈ। ਪਾਲੀ ਕੁਝ ਨਾ ਬੋਲੀ ਪਰ ਪਾਲੀ ਦਾ ਚਿਹਰਾ ਉਸ ਦੀ ਖੁਸ਼ੀ ਪ੍ਰਗਟਾਅ ਰਿਹਾ ਸੀ। ਚਿੱਠੀ ਦਾ ਜਵਾਬ ਦੋ ਦਿਨ ਬਾਅਦ ਦਿੱਤਾ ਤੇ ਫੇਰ ਕੀ ਸੀ... ਕਹਿੰਦੇ ਨੇ "ਪੀਨੇ ਵਾਲੋਂ ਕੀ ਪੀਨੇ ਕਾ ਬਹਾਨਾ ਚਾਹੀਏ।" ਕਿਸੇ ਨਾ ਕਿਸੇ ਬਹਾਨੇ ਪਾਲੀ ਹਰ ਰੋਜ਼ ਆਪਣੀਆਂ ਸਹੇਲੀਆਂ ਤੋਂ ਵੱਖ ਹੋ ਕੇ ਸੁੱਖੀ ਨੂੰ ਮਿਲਣ ਲੱਗ ਪਈ। ਮੁਲਾਕਾਤਾਂ ਦਿਨ ਪ੍ਰਤੀ ਦਿਨ ਵਧਦੀਆਂ ਹੀ ਗਈਆਂ ਇੱਥੋਂ ਤੱਕ ਕਿ ਹੁਣ ਉਹ ਹਫ਼ਤੇ ਵਿੱਚ ਇਕ ਫ਼ਿਲਮ ਵੀ ਜ਼ਰੂਰ ਦੇਖਦੇ। ਦੋਹਾਂ ਦੇ ਪੇਪਰ ਹੋਏ ਨਤੀਜੇ ਆਏ ਤਾਂ ਦੋਵੇਂ ਜਣੇ ਪਾਸ ਹੋ ਗਏ, ਮੁਲਾਕਾਤਾਂ ਵਧਦੀਆਂ ਗਈਆਂ।

ਦਿਨ, ਮਹੀਨੇ ਅਤੇ ਇਸੇ ਤਰ੍ਹਾਂ ਤਿੰਨ ਸਾਲ ਬੀਤ ਗਏ। ਸੁਖਜੀਤ ਐਮ.ਕਾਮ ਕਰ ਚੁੱਕਾ ਸੀ ਤਾਂ ਆਪਣੇ ਹੀ ਸ਼ਹਿਰ ਵਿੱਚ ਪ੍ਰਾਈਵੇਟ ਨੌਕਰੀ ਕਰ ਲਈ। ਅਜੇ ਛੇ ਮਹੀਨੇ ਹੀ ਹੋਏ ਸਨ ਕਿ ਸੁੱਖੀ ਦੀ ਮਿਹਨਤ ਰੰਗ ਲਿਆਈ ਕਿ ਸੁੱਖੀ ਨੂੰ ਬੈਂਕ ਵਿੱਚ ਨੌਕਰੀ ਮਿਲ ਗਈ।

"ਪਾਲੀ ਤੈਨੂੰ ਇਹ ਜਾਣ ਕੇ ਕਿੰਨੀ ਖੁਸ਼ੀ ਹੋਵੇਗੀ ਕਿ ਮੈਨੂੰ ਬੈਂਕ ਵਿੱਚ ਨੌਕਰੀ ਮਿਲ ਗਈ ਹੈ ਅਤੇ ਮੈਂ ਪਰਸੋ ਹੀ ਆਪਣੀ ਨੌਕਰੀ 'ਤੇ ਹਾਜ਼ਰ ਹੋਣ ਲਈ ਕਲਕੱਤੇ ਜਾ ਰਿਹਾ ਹਾਂ।" ਕਲਕੱਤੇ? ਕਲਕੱਤੇ ਦਾ ਨਾਮ ਸੁਣਦਿਆਂ ਹੀ ਪਾਲੀ ਇੱਕ ਦਮ ਹੈਰਾਨ ਰਹਿ ਗਈ।

ਹਾਂ ਕਲਕੱਤੇ, ਪਰ ਇਸ ਵਿੱਚ ਹੈਰਾਨੀ ਵਾਲੀ ਕਿਹੜੀ ਗੱਲ ਹੈ, ਥੋੜੇ ਸਮੇਂ ਦੀ ਹੀ ਤਾਂ ਗੱਲ ਹੈ, ਮੈਂ ਜਲਦੀ ਹੀ ਪੰਜਾਬ ਆ ਜਾਵਾਂਗਾ ਤੇ ਫਿਰ...ਸੁਖਜੀਤ ਬੋਲਦਾ-ਬੋਲਦਾ ਰੁਕ ਗਿਆ, ਤੇ ਫੇਰ ਕੀ, ਰੁਕ ਕਿਉਂ ਗਏ। ਤੇ ਫੇਰ ਅਸੀਂ ਇਸ ਦੁਨੀਆਂ ਦੀਆਂ ਨਜ਼ਰਾਂ ਤੋਂ ਛੁਪ-ਛੁਪ ਕੇ ਨਹੀਂ ਮਿਲਾਂਗੇ, ਸਾਨੂੰ ਇਸ ਦੁਨੀਆਂ ਦਾ ਕੋਈ ਡਰ ਨਹੀਂ ਹੋਵੇਗਾ ਤੇ ਅਸੀਂ ਹਮੇਸ਼ਾ-ਹਮੇਸ਼ਾ ਲਈ ਇੱਕ ਦੂਸਰੇ ਦੇ ਹੋ ਜਾਵਾਂਗੇ। ਪਾਲੀ ਤੂੰ ਚੁੱਪ ਕਿਉਂ ਹੈਂ, ਤੂੰ ਤਾਂ ਕਲਕੱਤੇ ਦਾ ਨਾਮ ਸੁਣਦੇ ਹੀ ਬਰਫ਼ ਵਿੱਚ ਲੱਗ ਗਈ। ਆਖਿਰ ਤੇਰੇ ਦਿਲ ਵਿੱਚ ਕੀ ਹੈ ਮੈਨੂੰ ਨਹੀਂ ਦੱਸੇਂਗੀ ਪਾਲੀ, ਪਾਲੀ ਜੀ, ਸੁੱਖੀ ਨੇ ਪਿਆਰ ਨਾਲ ਪਾਲੀ ਦਾ ਹੱਥ ਫੜ੍ਹਦਿਆਂ ਪੁੱਛਿਆ।

ਮੈਨੂੰ ਡਰ ਹੈ ਕਿਤੇ... ਕਿਤੇ ਇਹ ਹੱਥ ਫੜ ਕੇ ਛੱਡ ਨਾ ਦੇਈਂ ਸੁੱਖੀ।

ਪਾਲੀ, ਤੂੰ ਇਹ ਕਿਸ ਤਰ੍ਹਾਂ ਸੋਚ ਲਿਆ, ਥੋੜੇ ਸਮੇਂ ਦੀ ਹੀ ਤਾਂ ਗੱਲ ਹੈ, ਤੈਨੂੰ ਪਤਾ ਹੀ ਹੈ ਪਾਲੀ ਨੌਕਰੀਆਂ ਦੇ ਮਾਮਲੇ ਅਜਿਹੇ ਹੀ ਹੁੰਦੇ ਹਨ। ਤੈਨੂੰ ਇਹ ਤਾਂ ਪਤਾ ਹੀ ਹੈ ਪਾਲੀ ਕਿ ਅੱਜ ਕੱਲ੍ਹ ਨੌਕਰੀਆਂ ਮਿਲਣੀਆਂ ਕਿੰਨੀਆਂ ਔਖੀਆਂ ਹਨ ਤੇ ਉਹ ਵੀ ਸਰਕਾਰੀ। ਤੈਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕਿੰਨੇ ਖੁਸ਼ ਕਿਸਮਤ ਹਨ ਉਹ ਲੋਕ ਜਿਹਨਾਂ ਨੂੰ ਸਰਕਾਰੀ ਤੇ ਉਹ ਵੀ ਬੈਂਕ ਦੀ ਨੌਕਰੀ। ਪਾਲੀ ਮੈਂ ਕਿੰਨਾ ਖੁਸ਼ਕਿਸਮਤ ਹਾਂ ਜਿਸਨੂੰ ਤੇਰਾ ਪਿਆਰ ਮਿਲ ਗਿਆ ਹੈ ਤੇ ਨਾਲ ਹੀ ਨੌਕਰੀ।

ਇਸ ਤੋਂ ਅੱਗੇ ਸੁੱਖੀ ਕੁਝ ਹੋਰ ਕਹਿੰਦਾ, ਪਾਲੀ ਰੋ ਰਹੀ ਸੀ। ਪਾਲੀ ਤੇਰੀਆਂ ਇੰਨ੍ਹਾਂ ਪਿਆਰੀਆਂ-ਪਿਆਰੀਆਂ ਮਾਸੂਮ ਅੱਖਾਂ ਵਿੱਚ ਮੈਂ ਹੰਝੂ ਨਹੀਂ ਦੇਖ ਸਕਦਾ। ਸੁਖਜੀਤ ਪਾਲੀ ਨੂੰ ਉਸਦੇ ਘਰ ਤੱਕ ਛੱਡਣ ਲਈ ਆਇਆ। ਪਾਲੀ ਦੇ ਘਰ ਤੋਂ ਅੱਗੇ ਤਾਂ ਕਦਮ ਸੁੱਖੀ ਦਾ ਵੀ ਨਹੀਂ ਪੁੱਟ ਹੁੰਦਾ ਸੀ ਪਰ ਮਜ਼ਬੂਰੀ ਸੀ। ਖ਼ਤ ਪਾਉਂਦੇ ਰਹਿਣ ਦਾ ਵਾਅਦਾ ਲੈ ਉਹ ਆਪਣੇ ਘਰ ਆ ਗਿਆ।

ਘਰ ਵਾਲਿਆਂ ਦੀ ਜੁਦਾਈ, ਇੱਕ ਪਿਆਰ ਦੀ ਜੁਦਾਈ, ਉਸ ਪਿਆਰ ਦੀ ਜੁਦਾਈ ਜਿਸ ਤੋਂ ਉਹ ਇੱਕ ਪਲ ਵੀ ਦੂਰ ਨਹੀਂ ਸੀ ਹੋਇਆ। ਲੰਮੀਆਂ ਵਾਟਾਂ, ਘਰੋਂ ਤੁਰਦਿਆਂ ਸੁਖਜੀਤ ਦਾ ਮਨ ਰੋਣ ਨੂੰ ਕੀਤਾ ਪਰ ਦੂਸਰੇ ਹੀ ਪਲ ਨੌਕਰੀ ਦਾ ਖਿਆਲ ਮਨ ਵਿੱਚ ਆਉਂਦਿਆਂ ਕਿ ਇਹ ਮਿਲਣੀ ਕਿੰਨੀ ਔਖੀ ਹੈ ਉਹ ਡੋਲੀ 'ਚ ਪਾਈ

ਦੁਲਹਨ ਦੀ ਤਰ੍ਹਾਂ ਮਜਬੂਰ ਜਿਹਾ, ਦਿਲ ਵਿੱਚ ਤਰ੍ਹਾਂ-ਤਰ੍ਹਾਂ ਦੇ ਅਰਮਾਨ ਲੈ ਕੇ ਕਲਕੱਤੇ ਲਈ ਰਵਾਨਾ ਹੋ ਗਿਆ।

ਸੁਖਜੀਤ ਨੂੰ ਬੈਂਕ ਦੇ ਸਾਥੀ ਵੀ ਚੰਗੇ ਮਿਲ ਗਏ ਸਨ। ਉਸ ਨੂੰ ਮਕਾਨ ਵੀ ਬਹੁਤ ਵਧੀਆ ਮਿਲ ਗਿਆ ਸੀ। ਪਰ ਸੁਖਜੀਤ ਹਮੇਸ਼ਾ ਉਦਾਸ ਰਹਿਣ ਲੱਗ ਪਿਆ, ਬੈਂਕ ਵਿੱਚ ਵੀ ਉਹ ਜ਼ਿਆਦਾ ਨਾ ਬੋਲਦਾ। ਉਹ ਜਦ ਵੀ ਕਦੀ ਵਿਹਲਾ ਹੁੰਦਾ ਤਾਂ ਉਸ ਨੂੰ ਪਿਛਲੀਆਂ ਯਾਦਾਂ ਆ ਘੇਰਦੀਆਂ ਤੇ ਪਾਲੀ ਦੀ ਤਸਵੀਰ ਉਸ ਦੀਆਂ ਅੱਖਾਂ ਸਾਹਮਣੇ ਆ ਜਾਂਦੀ ਤੇ ਪਾਲੀ ਨਾਲ ਬਿਤਾਏ ਦਿਨ, ਉਸ ਦੀਆਂ ਅੱਖਾਂ ਸਾਹਮਣੇ ਤੋਂ ਇੱਕ ਫ਼ਿਲਮ ਦੀ ਤਰ੍ਹਾਂ ਲੰਘ ਜਾਂਦੇ। ਉਹ ਹਰ ਵਕਤ ਕੋਈ ਨਾ ਕੋਈ ਕੰਮ ਕਰਦਾ ਨਜ਼ਰ ਆਉਂਦਾ, ਆਪਣੇ ਆਪ ਨੂੰ ਆਹਰੇ ਲਾਈ ਰੱਖਣ ਲਈ ਉਸਨੇ ਆਪਣੇ ਮਕਾਨ ਮਾਲਕ ਦੇ ਦੋ ਛੋਟੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੂੰ ਦੋ ਘੰਟੇ ਪੜ੍ਹਾ ਦਿੰਦਾ ਤਾਂ ਕਿ ਉਸ ਦਾ ਧਿਆਨ ਪਾਲੀ ਵੱਲ ਨਾ ਜਾਵੇ। ਜਦ ਵੀ ਇੱਕ ਪਲ ਵਿਹਲਾ ਹੁੰਦਾ ਤਾਂ ਪਾਲੀ ਦੀ ਉਹੀ ਰੋਂਦੀ ਹੋਈ ਦੀ ਤਸਵੀਰ ਉਸ ਦੀਆਂ ਅੱਖਾਂ ਸਾਹਮਣੇ ਆ ਜਾਂਦੀ ਅਤੇ ਸੁੱਖੀ ਦਾ ਦਿਲ ਉਤਾਵਲਾ ਹੋ ਕੇ ਪਾਲੀ ਨੂੰ ਮਿਲਣ ਲਈ ਕਾਹਲਾ ਪੈ ਜਾਂਦਾ, ਪਰ ਮਜ਼ਬੂਰੀਆਂ, ਨੌਕਰੀ, ਲੰਮੀਆਂ ਵਾਟਾਂ ਤੇ ਹੋਰ ਕਈ ਕੁਝ।

ਬੈਂਕ ਚੋਂ ਪਰਤਦਿਆਂ ਹੀ ਸੁੱਖੀ ਆਪਣੇ ਕਮਰੇ ਵਿੱਚ ਆ ਲੰਮਾ ਪੈ ਗਿਆ। ਪਤਾ ਨਹੀਂ ਕਿਉਂ ਉਸ ਨੂੰ ਅੱਜ ਰਹਿ-ਰਹਿ ਕੇ ਪਾਲੀ ਦੀ ਯਾਦ ਸਤਾ ਰਹੀ ਸੀ, ਉਹ ਸੋਚ ਰਿਹਾ ਸੀ ਕਿ ਪਾਲੀ ਨੇ ਉਸ ਦੀਆਂ ਛੇ ਚਿੱਠੀਆਂ ’ਚੋਂ ਇੱਕ ਦਾ ਵੀ ਜਵਾਬ ਨਹੀਂ ਸੀ ਦਿੱਤਾ। ਆਖਰ ਕਾਰਨ ਕੀ ਹੋ ਸਕਦਾ ਹੈ, ਉਹ ਇਹ ਵੀ ਸੋਚੀ ਜਾਂਦਾ ਸੀ ਕਿ ਉਸ ਦੀਆਂ ਚਿੱਠੀਆਂ ਬਾਰੇ ਕਿਤੇ ਉਸਦੇ ਘਰ ਵਾਲਿਆਂ ਨੂੰ ਤਾਂ ਨਹੀਂ ਪਤਾ ਲੱਗ ਗਿਆ ਹੋਣਾ, ਪਰ ਦੂਸਰੇ ਹੀ ਪਲ ਆਪਣੇ ਆਪ ਨੂੰ ਧਰਵਾਸ ਵੀ ਦੇ ਲੈਂਦਾ ਕਿ ਉਹਨਾਂ ਦੇ ਘਰ ਪੜ੍ਹਿਆ ਹੋਇਆ ਕੋਈ ਵੀ ਨਹੀਂ ਹੈ, ਸਿਰਫ਼ ਪਾਲੀ ਦੀ ਛੋਟੀ ਭੈਣ ਹੀ ਹੈ, ਜੋ ਦਸਵੀਂ ਜਮਾਤ ਵਿੱਚ ਪੜ੍ਹਦੀ ਹੈ ਤੇ ਉਸ ਨੂੰ ਤਾਂ ਇਸ ਬਾਰੇ ਸਭ ਕੁਝ ਪਤਾ ਹੀ ਹੈ।

ਇੱਕ ਸ਼ਾਮ ਜਦ ਸੁੱਖੀ ਹੋਟਲ ਤੋਂ ਰੋਟੀ ਖਾ ਕੇ ਘਰ ਪਰਤਿਆ ਤਾਂ ਮਾਲਕ ਮਕਾਨ ਦਾ ਟੈਲੀਵਿਜ਼ਨ ਚੱਲ ਰਿਹਾ ਸੀ। ਟੁੱਟੇ ਜਿਹੇ ਮਨ ਨਾਲ ਉਹ ਟੈਲੀਵੀਜ਼ਨ ਦੇਖਣ ਬੈਠ ਗਿਆ। ਅਜੇ ਬੈਠਿਆਂ ਹੀ ਸੀ ਕਿ ਟੈਲੀਵੀਜ਼ਨ ਅਨਾਊਂਸਰ ਦੱਸ ਰਹੀ ਸੀ ਕਿ ਤੁਸੀਂ ਹੁਣੇ-ਹੁਣੇ ਅਧਿਆਪਕਾ ਮਿਸ ਪਾਲੀ ਜੀ ਨਾਲ ਇੱਕ ਮੁਲਕਾਤ ਸੁਣੀ ਜਿੰਨ੍ਹਾਂ ਦੀ ਮਿਹਨਤ ਤੇ ਲਗਨ ਦੇ ਸਦਕਾ ਇਹਨਾਂ ਦੇ ਸਕੂਲ ਦੇ ਬੱਚਿਆਂ ਨੇ ਖੇਡਾਂ ਦੇ ਮੈਦਾਨ ਵਿਚ ਪਹਿਲਾ ਇਨਾਮ ਪ੍ਰਾਪਤ ਕੀਤਾ ਹੈ। ਸਾਨੂੰ ਅਜਿਹੇ ਅਧਿਆਪਕਾਂ ’ਤੇ ਮਾਣ ਹੈ ਅਤੇ ਉਮੀਦ ਹੈ ਕਿ ਸਾਡੇ ਦਰਸ਼ਕਾਂ ਨੇ ਵੀ ਇਸ ਮੁਲਾਕਾਤ ਦਾ ਅਨੰਦ ਮਾਣਿਆ ਹੋਵੇਗਾ।

“ਮਿਸ ਪਾਲੀ ਨਾਲ ਮੁਲਕਾਤ”... ਪਾਲੀ ਦਾ ਨਾਮ ਸੁਣਦਿਆਂ ਹੀ ਕਈ ਤਰ੍ਹਾਂ ਦੇ ਵਿਚਾਰ ਉਸ ਦੇ ਦਿਮਾਗ਼ ਵਿੱਚ ਚੱਕਰ ਲਾਉਣ ਲੱਗ ਪਏ। ਸ਼ਾਇਦ ਇਹ ਕੋਈ ਹੋਰ

ਪਾਲੀ ਹੋਵੇ, ਨਹੀਂ ਫੇਰ ਦੂਸਰੇ ਹੀ ਪਲ ਆਪਣੇ ਆਪ ਨੂੰ ਧਰਵਾਸ ਦਿੰਦਾ ਸੋਚਦਾ ਹੈ ਕਿ ਉਹ ਅਜੇ ਤੱਕ ਮਿਸ ਪਾਲੀ ਹੀ ਹੈ? ਉਸ ਨੇ ਆਪਣੇ ਮਾਲਕ ਮਕਾਨ ਦੇ ਲੜਕੇ ਤੋਂ ਪੁੱਛਿਆ ਕਿ ਇਹ ਮਿਸ ਪਾਲੀ ਕੌਣ ਹੈ, ਕਿਸ ਸਕੂਲ ਵਿੱਚ ਪੜ੍ਹਾਉਂਦੀ ਹੈ, ਪ੍ਰੰਤੂ ਉਸ ਤੋਂ ਕੁਝ ਵੀ ਪਤਾ ਨਾ ਲੱਗ ਸਕਿਆ। ਸੁਖਜੀਤ ਸੋਚਦਾ ਰਿਹਾ। ਰਾਤ ਕਈ ਤਰ੍ਹਾਂ ਦੇ ਖਿਆਲ ਉਸ ਦੇ ਦਿਮਾਗ਼ ਵਿੱਚ ਆਏ ਪਰ ਕੋਈ ਵੀ ਸਿੱਟਾ ਨਾ ਕੱਢ ਸਕਿਆ। ਸੋਚਦੇ-ਸੋਚਦੇ ਪਤਾ ਨਹੀਂ ਕਿਸ ਵੇਲੇ ਉਸ ਨੂੰ ਨੀਂਦ ਨੇ ਆ ਘੇਰਿਆ।

ਰਾਤ ਨੂੰ ਦੇਰ ਤੱਕ ਜਾਗਦੇ ਰਹਿਣ ਦੇ ਬਾਵਜੂਦ ਵੀ ਸਵੇਰੇ ਗੁਰਦੁਆਰੇ ਵਿੱਚ ਭਾਈ ਦੇ ਬੋਲਣ ਨਾਲ ਹੀ ਉਸ ਦੀ ਅੱਖ ਖੁੱਲ੍ਹ ਗਈ। ਰਾਤ ਵਾਲੀ ਘਟਨਾ ਉਸ ਦੇ ਸਾਹਮਣਿਓਂ ਇੱਕ ਫ਼ਿਲਮ ਦੀ ਤਰ੍ਹਾਂ ਲੰਘ ਰਹੀ ਸੀ। ਦਿਨ ਚੜ੍ਹਦੇ ਸਾਰ ਹੀ ਉਹ ਦੂਰਦਰਸ਼ਨ-ਕੇਂਦਰ ਪਹੁੰਚ ਗਿਆ ਜਿੱਥੋਂ ਉਸਨੂੰ ਇੰਨਾ ਹੀ ਪਤਾ ਲੱਗਿਆ ਕਿ ਉਹ... ਪ੍ਰਾਇਮਰੀ ਸਕੂਲ ਦੀ ਅਧਿਆਪਕਾ ਹੈ। ਕੀ ਉਹ ਉਸ ਦੀ ਹੀ ਪਾਲੀ ਹੈ, ਇਸ ਬਾਰੇ ਉਸ ਨੂੰ ਕੁਝ ਵੀ ਨਹੀਂ ਪਤਾ ਲੱਗ ਸਕਿਆ। ਬੈਂਕ ਜ਼ਰੂਰੀ ਕੰਮ ਦੀ ਛੁੱਟੀ ਭੇਜ ਕੇ ਉਹ ਉਸਦੇ ਸਕੂਲ ਵੱਲ ਚਲਾ ਗਿਆ। ਉਸਨੂੰ ਇਹ ਪੂਰਾ ਪਤਾ ਨਹੀਂ ਸੀ ਕਿ ਇਹ ਪਾਲੀ ਉਸ ਦੀ ਹੀ ਪਾਲੀ ਹੈ ਪਰ ਫਿਰ ਵੀ ਸਿਰਫ਼ ਪਾਲੀ ਨਾਮ ਦੇ ਮਗਰ ਹੀ ਪਾਗਲਾਂ ਦੀ ਤਰ੍ਹਾਂ ਲੱਗਿਆ ਪਿਆ ਸੀ। ਕਿੰਨਾ ਪਿਆਰ ਨੂੰ ਪਿਆਰ ਸੀ ਆਪਣੇ ਪਿਆਰ ਤੇ।

ਸਕੂਲ ਪਹੁੰਚਣ 'ਤੇ ਉਸਨੂੰ ਸ਼ਰਮਿੰਦਗੀ ਹੀ ਝੱਲਣੀ ਪਈ। ਇਹ ਪਾਲੀ ਹੋਰ ਸੀ। ਪਲ, ਦਿਨ, ਮਹੀਨੇ ਤੇ ਸਾਲ ਇਸੇ ਤਰ੍ਹਾਂ ਤੜਫਦਿਆਂ ਤਿੰਨ ਸਾਲ ਬੀਤ ਗਏ। ਹੁਣ ਸੁਖਜੀਤ ਦੀ ਤਰੱਕੀ ਹੋ ਗਈ ਸੀ ਤੇ ਉਹ ਅਫ਼ਸਰ ਬਣਕੇ ਜਲੰਧਰ ਆ ਗਿਆ। ਖੈਰ ਹੁਣ ਹਫ਼ਤੇ ਬਾਅਦ ਮੋਗੇ ਜਾ ਸਕਦਾ ਸੀ। ਆਪਣਾ ਸਾਰਾ ਸਾਮਾਨ ਚੁੱਕ ਕੇ ਜਲੰਧਰ ਲੈ ਆਇਆ ਤੇ ਉੱਥੇ ਡਿਊਟੀ ਜੁਆਇਨ ਕਰਨ ਤੋਂ ਬਾਅਦ ਹੀ ਉਹ ਇੱਕ ਹਫ਼ਤੇ ਲਈ ਮੋਗੇ ਗਿਆ। ਉਹ ਆਪਣਾ ਰਿਕਸ਼ਾ ਪਾਲੀ ਦੇ ਘਰ ਦੇ ਮੂਹਰ ਦੀ ਲੈ ਕੇ ਗਿਆ, ਘਰ ਦੇ ਅੰਦਰ ਨਿਗਾਹ ਮਾਰੀ ਪਰ ਪਾਲੀ ਨਜ਼ਰ ਨਾ ਆਈ। ਸੁਖਜੀਤ ਨੂੰ ਥਕੇਵਾਂ ਚੜ੍ਹ ਗਿਆ। ਉਹ ਪਾਲੀ ਦੇ ਘਰ ਤੋਂ ਅੱਗੇ ਪਾਲੀ ਨੂੰ ਮਿਲੇ ਬਿਨਾਂ ਨਾ ਜਾ ਸਕਿਆ। ਰਿਕਸ਼ੇ ਵਾਲੇ ਨੂੰ ਪੈਸੇ ਦਿੱਤੇ ਤੇ ਆਪਣੇ ਦੋਸਤ ਪਾਲ ਦੇ ਘਰ ਚਲਾ ਗਿਆ। ਇੱਕ ਚਾਹ ਦਾ ਕੱਪ ਪੀਤਾ, ਸੁੱਖਸਾਂਦ ਪੁੱਛੀ ਤੇ ਅਖੀਰ ਆਪਣੇ ਮਤਲਬ ਦੀ ਗੱਲ ਛੇੜ ਦਿੱਤੀ।

"ਤੂੰ ਹੁਣ ਤੱਕ ਉਸਨੂੰ ਭੁਲਾਇਆ ਨਹੀਂ। ਦੇਖ ਕਿਸ ਤਰ੍ਹਾਂ ਕਾਨਾ ਬਣਿਆ ਹੋਇਆ ਹੈਂ। ਸੁੱਖੀ ਤੂੰ ਉਸਨੂੰ ਭੁਲਾ ਦੇ।"

"ਨਹੀਂ ਪਾਲ ਨਹੀਂ।" ਸੁਖਜੀਤ ਉੱਚੀ-ਉੱਚੀ ਪਾਗਲਾਂ ਦੀ ਤਰ੍ਹਾਂ ਕਰਨ ਲੱਗ ਪਿਆ। ਮੈਂ ਪਾਲੀ ਨੂੰ ਜ਼ਰੂਰ ਮਿਲਣਾ ਹੈ ਪਾਲ, ਪਲੀਜ਼।

"ਤੂੰ ਮੈਨੂੰ ਕਿੱਧਰ ਲਈ ਜਾ ਰਿਹਾ ਹੈਂ, ਪਾਲ। ਇੱਧਰ ਖੇਤਾਂ 'ਚ ਪਾਲੀ ਕਿੱਧਰ ਹੈ? ਪਾਲ ਤੂੰ ਦੱਸਦਾ ਕਿਉਂ ਨਹੀਂ? ਤੂੰ ਮੈਨੂੰ ਕਿੱਥੇ ਲਈ ਜਾ ਰਿਹਾ ਹੈਂ?" ਮੈਂ ਤੈਨੂੰ ਤੇਰੀ ਪਾਲੀ ਕੋਲ ਹੀ ਤਾਂ ਲਿਜਾ ਰਿਹਾ ਹਾਂ ਸੁੱਖੀ। ਔਹ ਦੇਖ ਤੇਰੀ ਪਾਲੀ, ਥੋੜ੍ਹੀ ਦੂਰ ਜਾ ਕੇ ਪਾਲ ਨੇ

ਇੱਕ ਮਿੱਟੀ ਦੇ ਢੇਰ ਵੱਲ ਇਸ਼ਾਰਾ ਕਰਕੇ ਦੱਸਿਆ। ਨਹੀਂ... ਸੁਖਜੀਤ ਦੀ ਚੀਕ ਨਿੱਕਲ ਗਈ ਅਤੇ ਪਾਲੀ ਦੇ ਮਿੱਟੀ ਹੋਏ ਸਰੀਰ ਨਾਲ ਚਿਪਕ ਗਿਆ।

ਉੱਠ ਸੁੱਖੀ, ਐਵੇਂ ਪਾਗਲ ਨਹੀਂ ਬਣੀਦਾ, ਉੱਠ! ਮੈਂ ਤੈਨੂੰ ਕਿਹਾ ਸੀ ਕਿ ਪਾਲੀ ਨੂੰ ਭੁਲਾ ਦੇ। ਪਾਲੀ ਤੈਨੂੰ ਹੁਣ ਨਹੀਂ ਮਿਲ ਸਕਦੀ। ਪਰ ਸੁੱਖੀ ਉੱਥੇ ਹੁੰਦਾ ਤਾਂ ਉੱਠਦਾ। ਸੁਖਜੀਤ ਤਾਂ ਆਪਣੀ ਪਾਲੀ ਨੂੰ ਜਾ ਮਿਲਿਆ ਸੀ।

✲✲✲

# ਗੁੰਮਨਾਮ ਕਹਾਣੀ

ਹਰ ਰੋਜ਼ ਦੀ ਤਰ੍ਹਾਂ ਨਰੇਸ਼ ਅੱਜ ਵੀ ਦਫ਼ਤਰ 'ਚ ਸਮੇਂ ਤੋਂ ਪਹਿਲਾਂ ਹੀ ਪਹੁੰਚ ਗਿਆ ਸੀ। ਉਹ ਸਿਰ ਸੁੱਟ ਕੇ ਆਪਣਾ ਪਿਛਲਾ ਕੰਮ ਕਰੀ ਜਾ ਰਿਹਾ ਸੀ ਕਿ ਨੀਤੂ ਨਾਂ ਦੀ ਇੱਕ ਖ਼ੂਬਸੂਰਤ ਲੜਕੀ ਉਸ ਦੇ ਸਾਹਮਣੇ ਆ ਖੜੀ ਹੋਈ ਅਤੇ ਇੱਕ ਬੈਂਕ ਚੈੱਕ ਬਨਾਉਣ ਲਈ ਕਿਹਾ, ਜਿਹੜਾ ਉਸ ਨੇ ਆਪਣੀ ਬਾਰ੍ਹਵੀਂ ਕਲਾਸ ਦੀ ਫ਼ੀਸ ਵਜੋਂ ਭੇਜਣਾ ਸੀ।

ਨਰੇਸ਼ ਇੱਕ ਦਮ ਤ੍ਰਭਕ ਗਿਆ, ਕਿਉਂਕਿ ਅਜੇ ਬੈਂਕ ਦਾ ਸਮਾਂ ਨਹੀਂ ਸੀ ਹੋਇਆ ਅਤੇ ਅਜੇ ਬਾਕੀ ਅਧਿਕਾਰੀ ਵੀ ਨਹੀਂ ਸਨ ਆਏ। ਸੰਭਲਦੇ ਹੋਏ ਨੇ ਜਦ ਉਸਦੀ ਗੱਲ ਸੁਣੀ ਤਾਂ ਪਤਾ ਚੱਲਿਆ ਕਿ ਜਿਹੜਾ ਬੈਂਕ ਚੈੱਕ ਨੀਤੂ ਮੰਗ ਰਹੀ ਸੀ ਉਹ ਸਿਰਫ਼ ਸਟੇਟ ਬੈਂਕ ਦਾ ਹੀ ਚਾਹੀਦਾ ਸੀ। ਨੀਤੂ ਨਰੇਸ਼ ਨੂੰ ਵਾਰ-ਵਾਰ ਮਿੰਨਤ ਕਰ ਰਹੀ ਸੀ ਕਿ ਕਿਰਪਾ ਕਰਕੇ ਮੇਰੀ ਮੱਦਦ ਕਰੋ ਕਿਉਂਕਿ ਉਸਦਾ ਕੋਈ ਵੀ ਸਟੇਟ ਬੈਂਕ ਵਿੱਚ ਵਾਕਿਫ਼ ਨਹੀਂ ਸੀ। ਖ਼ੈਰ, ਨਰੇਸ਼ ਨੇ ਆਪਣਾ ਬੋਰੀਆ ਬਿਸਤਰਾ ਸੰਭਾਲਿਆ ਤੇ ਨੀਤੂ ਨੂੰ ਆਪਣੇ ਸਕੂਟਰ 'ਤੇ ਬਿਠਾ ਕੇ ਸਟੇਟ ਬੈਂਕ ਲਈ ਰਵਾਨਾ ਹੋ ਗਿਆ। ਜਦ ਉੱਥੇ ਪਹੁੰਚੇ ਤਾਂ ਪਤਾ ਲੱਗਿਆ ਕਿ ਉਹ ਜਲਦੀ ਵਿੱਚ ਆਪਣਾ ਪੈਸਿਆਂ ਵਾਲਾ ਪਰਸ ਹੀ ਘਰੇ ਭੁੱਲ ਆਈ ਹੈ। ਇਸ ਤੋਂ ਪਹਿਲਾਂ ਕਿ ਨੀਤੂ ਕੁਝ ਕਹਿੰਦੀ, ਨਰੇਸ਼ ਨੇ ਆਪਣੀ ਜੇਬ ਵਿੱਚੋਂ 599 ਰੁਪਏ ਕੈਸ਼ੀਅਰ ਨੂੰ ਦੇ ਕੇ ਨੀਤੂ ਲਈ ਬੈਂਕ ਚੈੱਕ ਬਣਵਾ ਦਿੱਤਾ ਅਤੇ ਨੀਤੂ ਨੂੰ ਘਰੇ ਛੱਡਣ ਚਲਾ ਗਿਆ। ਧੰਨਵਾਦ ਕਹਿ ਕੇ ਨੀਤੂ ਨੇ ਆਪਣਾ ਫੋਨ ਨੰਬਰ ਵੀ ਲਿਖ ਕੇ ਦੇ ਦਿੱਤਾ ਅਤੇ ਸਵੇਰੇ ਹੀ ਪੈਸੇ ਵਾਪਿਸ ਕਰਨ ਦਾ ਵਾਅਦਾ ਕੀਤਾ। ਅੱਜ ਪੈਸਿਆਂ ਦੀ ਘੱਟ ਪਰ ਨੀਤੂ ਦੀ ਇੰਤਜ਼ਾਰ ਵਿੱਚ ਸਮੇਂ ਤੋਂ ਪਹਿਲਾਂ ਹੀ ਨਰੇਸ਼ ਬੈਂਕ ਪਹੁੰਚ ਗਿਆ। ਨੀਤੂ ਆਈ, ਪਰ ਪੈਸੇ ਲੈ ਕੇ ਨਹੀਂ, ਸਗੋਂ ਨਰੇਸ਼ ਨੂੰ ਆਪਣੇ ਘਰ ਬੁਲਾਉਣ ਲਈ ਆਈ ਅਤੇ ਨਰੇਸ਼ ਨੇ ਵੀ ਪੈਸੇ ਬਾਰੇ ਗੱਲ ਕਰਨੀ ਮੁਨਾਸਿਬ ਨਹੀਂ ਸਮਝੀ।

ਮੁਲਾਕਾਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ, ਕਦੀ ਹੋਟਲ ਵਿੱਚ ਅਤੇ ਕਦੀ ਰੈਸਟੋਰੈਂਟ ਵਿੱਚ। ਇੱਕ ਦਿਨ ਅਚਾਨਕ ਰਾਤ ਦੇ ਨੌਂ ਕੁ ਵਜੇ ਫ਼ੋਨ ਦੀ ਘੰਟੀ ਖੜਕੀ ਤਾਂ ਫੋਨ ਨੀਤੂ ਦਾ ਸੀ। "ਆਪਾਂ ਬਹੁਤ ਥਾਈਂ ਬਾਹਰ ਖਾਣ ਪੀਣ ਲਈ ਗਏ ਹਾਂ ਪਰ ਤੁਸੀਂ ਮੈਨੂੰ ਸਮਝਿਆ ਨਹੀਂ।" ਠੀਕ ਹੈ ਕਹਿ ਕੇ ਨਰੇਸ਼ ਨੇ ਫੋਨ ਬੰਦ ਕੀਤਾ ਤੇ ਜਾਨ ਬਚਾਈ।

ਸਵੇਰੇ ਪੜਤਾਲ ਕਰਨ 'ਤੇ ਪਤਾ ਲੱਗਿਆ ਕਿ ਉਹ ਕਿਸੇ ਚੰਗੇ ਮਹਿਕਮੇ ਵਾਲੇ ਅਫ਼ਸਰ ਦੇ ਘਰ ਹੀ ਰਹਿਣ ਲੱਗ ਪਈ ਸੀ ਅਤੇ ਉਹ ਉਸਦਾ ਸਾਰਾ ਖਰਚਾ ਪਾਣੀ ਵੀ ਦੇ ਰਿਹਾ ਸੀ।

ਫਿਰ ਅਚਾਨਕ ਉਹ ਸ਼ਹਿਰ ਵਿੱਚੋਂ ਇਸ ਤਰ੍ਹਾਂ ਗਾਇਬ ਹੋ ਗਈ ਜਿਸ ਤਰ੍ਹਾਂ ਖੋਤੇ ਦੇ ਸਿਰ ਤੋਂ ਸਿੰਗ। ਤਿੰਨ-ਚਾਰ ਸਾਲ ਦਾ ਲੰਬਾ ਸਮਾਂ ਉਡੀਕ ਕਰਨ ਤੋਂ ਬਾਅਦ ਅੱਜ ਫਿਰ ਖਿਆਲ ਆਇਆ ਕਿ ਚਲੋ ਨੀਤੂ ਨੂੰ ਮਿਲਿਆ ਜਾਵੇ। ਘਰ ਦੇ ਨਜ਼ਦੀਕ ਵਾਲਿਆਂ ਤੋਂ ਪਤਾ ਚੱਲਿਆ ਕਿ ਉਸਦੀ ਸ਼ਾਦੀ ਲੁਧਿਆਣਾ ਵਿਖੇ ਹੋ ਗਈ ਹੈ। ਪੂਰੀ ਦਲੇਰੀ ਕੀਤੀ ਅਤੇ ਦਿੱਤੇ ਗਏ ਪਤੇ 'ਤੇ ਜਾ ਕੁੰਡਾ ਖੜਕਾਇਆ। ਬੂਹਾ ਨੀਤੂ ਨੇ ਹੀ ਖੋਲ੍ਹਿਆ। ਅੱਗੇ ਆਉਣ ਲਈ ਕਿਹਾ ਗਿਆ ਤਾਂ ਪਤਾ ਲੱਗਿਆ ਕਿ ਉਹ ਆਪਣੀ ਜੇਠਾਣੀ ਨਾਲ ਸਾਂਝੇ ਘਰ ਵਿੱਚ ਰਹਿ ਰਹੀ ਸੀ। ਸਮੇਂ ਦੀ ਨਜ਼ਾਕਤ ਵੇਖ ਕੇ ਨੀਤੂ ਨੇ ਨਰੇਸ਼ ਦੀ ਪਹਿਚਾਣ ਆਪਣੇ ਮੂੰਹ ਬੋਲੇ ਭਰਾ ਦੇ ਤੌਰ 'ਤੇ ਕਰਵਾਈ। ਚਾਹ ਪੀਤੀ ਤੇ ਨੀਤੂ ਦੇ ਦੋਨੋਂ ਬੱਚਿਆਂ ਨੂੰ ਮਾਮੇ ਵਾਲੇ ਪਿਆਰ ਦੇ ਤੌਰ 'ਤੇ 500-500 ਰੁਪਏ ਦੇ ਕੇ ਸ਼ਾਮ ਨੂੰ ਘਰ ਵਾਪਿਸ ਆ ਗਿਆ।

✵✵✵

# ਪ੍ਰਵਾਸ

ਜਦ ਅਸੀਂ ਪ੍ਰਵਾਸ ਦੀ ਗੱਲ ਕਰਦੇ ਹਾਂ ਤਾਂ ਇਸ ਬਾਰੇ ਜੇਕਰ ਅਸੀਂ ਪੰਜਾਬ ਤੋਂ ਬਾਹਰਲੇ ਮੁਲਕਾਂ ਨੂੰ ਅਤੇ ਬਾਹਰਲੇ ਰਾਜਾਂ ਤੋਂ ਪੰਜਾਬ ਵੱਲ ਨੂੰ, ਸ਼ੁਰੂ ਕਰੀਏ ਤਾਂ ਇਹ ਸਿਲਸਿਲਾ ਬਹੁਤ ਲੰਬੇ ਅਰਸੇ ਤੋਂ ਚੱਲ ਰਿਹਾ ਹੈ। ਭਾਰਤ ਦੇ ਉੱਤਰ ਪੂਰਬ ਦੇ ਰਾਜਾਂ ਤੋਂ ਪੰਜਾਬ ਵੱਲ ਨੂੰ ਤਕਰੀਬਨ 1500 ਕਿਲੋਮੀਟਰ ਦਾ ਫਾਸਲਾ ਤਹਿ ਕਰਕੇ ਜਦ ਸਾਡੇ ਪੂਰਬੀ ਪ੍ਰਵਾਸੀ ਆਉਂਦੇ ਹਨ ਤਾਂ ਪੰਜਾਬ ਦੇ ਵੱਡੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਆ ਡੇਰਾ ਲਾਉਂਦੇ ਹਨ। 2011 ਦੀ ਜਨ-ਗਣਨਾ ਅਨੁਸਾਰ ਤਕਰੀਬਨ 2.43 ਲੱਖ ਪ੍ਰਵਾਸੀ ਪੰਜਾਬ ਆਏ ਹਨ। ਪ੍ਰਵਾਸ ਦੇ ਸ਼ੁਰੂਆਤ ਦੀ ਹਾਲਤ ਦੋਨੋਂ ਪਾਸੇ ਇੱਕੋ ਜਿਹੀ ਹੀ ਹੁੰਦੀ ਹੈ ਚਾਹੇ ਪੰਜਾਬ ਤੋਂ ਬਾਹਰਲੇ ਮੁਲਕਾਂ ਨੂੰ ਹੋਵੇ ਜਾਂ ਬਾਹਰਲੇ ਰਾਜਾਂ ਤੋਂ ਪੰਜਾਬ ਵੱਲ ਨੂੰ ਹੋਵੇ। ਸਾਡੇ ਪੰਜਾਬੀ ਵੀ ਜਦ ਸ਼ੁਰੂਆਤ ਵਿੱਚ ਕੈਨੇਡਾ ਦੀ ਧਰਤੀ ’ਤੇ ਜਾਂਦੇ ਹਨ ਤਾਂ ਪਹਿਲਾਂ ਪਹਿਲ ਇਹ ਸਾਰੇ ਕਿਸੇ ਨਾ ਕਿਸੇ ਭਾਰਤੀ ਦੇ ਘਰ ਹੀ ਬੇਸਮੈਂਟ ਵਿੱਚ ਰਹਿਣ ਲਈ ਮਜ਼ਬੂਰ ਹੁੰਦੇ ਹਨ ਕਿਉਂਕਿ ਆਪਣਾ ਘਰ ਤਾਂ ਦੂਰ ਦੀ ਕੌਡੀ, ਇੱਕ ਘਰ ਕਿਰਾਏ ’ਤੇ ਵੀ ਨਹੀਂ ਲੈ ਸਕਦੇ। ਇਹ ਜਦ ਹੌਲੀ-ਹੌਲੀ ਕੋਈ ਢੰਗ ਦਾ ਕੰਮ ਲੱਭ ਲੈਂਦੇ ਹਨ ਤਾਂ ਫਿਰ ਕੋਈ ਅਜ਼ਾਦਾਨਾ ਘਰ ਕਿਰਾਏ ’ਤੇ ਲੈ ਲੈਂਦੇ ਹਨ ਤੇ ਫਿਰ ਕੋਈ ਹੋਰ ਨਵਾਂ ਆਇਆ ਭਾਰਤੀ ਮੂਲ ਦੇ ਪਰਵਾਸੀ ਨੂੰ ਆਪਣੇ ਨਾਲ ਕਿਰਾਏ ’ਤੇ ਸਾਂਝੇ ਤੌਰ ਤੇ ਰੱਖ ਲੈਂਦੇ ਹਨ ਤਾਂ ਕਿ ਕਿਰਾਇਆ ਦੇਣ ਵਿੱਚ ਸੌਖ ਰਹੇ ਤੇ ਫਿਰ ਹੌਲੀ-ਹੌਲੀ ਆਪਣਾ ਘਰ ਲੈ ਕੇ ਰਹਿਣ ਲੱਗ ਪੈਂਦੇ ਹਨ ਤੇ ਫਿਰ ਅੱਗੇ ਤੋਂ ਅੱਗੇ ਸਿਲਸਿਲਾ ਚੱਲਦਾ ਰਹਿੰਦਾ ਹੈ। ਇਸੇ ਤਰਜ਼ ’ਤੇ ਜਦ ਕੋਈ ਪ੍ਰਵਾਸੀ ਪੂਰਬੀ ਰਾਜਾਂ ਤੋਂ ਪੰਜਾਬ ਆਉਂਦਾ ਹੈ ਤਾਂ ਉਹ ਕਿਸੇ ਦੇ ਟੁੱਟੇ-ਫੁੱਟੇ ਖੋਲੇ ਵਿੱਚ ਵੀ ਰਹਿਣ ਨੂੰ ਤਿਆਰ ਹੋ ਜਾਂਦਾ ਹੈ, ਫਿਰ ਕੋਈ ਢੰਗ ਦਾ ਕੰਮ ਲੱਭ ਕੇ, ਚਾਰ ਪੈਸੇ ਜੋੜ ਕੇ ਕਿਸੇ ਹੋਰ ਪ੍ਰਵਾਸੀ ਨਾਲ ਸਾਂਝੇ ਤੌਰ ’ਤੇ ਰਹਿਣ ਲੱਗ ਪੈਂਦੇ ਹਨ ਅਤੇ ਫਿਰ ਕੁਝ ਸਮੇਂ ਤੋਂ ਬਾਅਦ ਬਹੁਤੇ ਪੂਰਬੀਏ ਆਪਣੇ ਘਰ ਬਣਾ ਲੈਂਦੇ ਹਨ।

ਅੱਜ ਕੱਲ ਤਾਂ ਬਹੁਤੇ ਪੂਰਬੀਏ ਮਜ਼ਦੂਰਾਂ ਦੇ ਆਪਣੇ ਪੱਕੇ ਘਰ ਬਣਾਏ ਹੋਏ ਹਨ ਅਤੇ ਬਹੁਤ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਹਨ। ਜਿਸ ਤਰ੍ਹਾਂ ਅਸੀਂ ਬਾਹਰਲੇ ਮੁਲਕਾਂ ਵਿੱਚ ਜਾ ਕੇ ਵੱਸਦੇ ਹਾਂ ਉਸੇ ਤਰ੍ਹਾਂ ਇਹ ਵੀ ਪੰਜਾਬ ਆ ਕੇ ਵਸਣ ਵਿੱਚ ਫ਼ਖ਼ਰ ਮਹਿਸੂਸ ਕਰਦੇ ਹਨ।

ਜਿਸ ਤਰ੍ਹਾਂ ਪੰਜਾਬ ਵਿੱਚ ਪੂਰਬੀਆਂ ਦੀ ਆਮਦ ਅਤੇ ਆਬਾਦੀ ਵਧਦੀ ਜਾ ਰਹੀ ਹੈ। ਇਸ ਤੋਂ ਇਹ ਜਾਪਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਇਹ ਲੋਕ ਵੀ ਮਿਊਂਸੀਪਲ ਕਮੇਟੀ ਆਦਿ ਵਿੱਚ ਵੀ ਆਪਣੇ ਉਮੀਦਵਾਰ ਉਤਾਰਨ ਲੱਗ ਪੈਣ। ਅਸੀਂ ਵੀ ਤਾਂ ਅਮਰੀਕਾ, ਕੈਨੇਡਾ ਵਿੱਚ ਜਾ ਕੇ ਉੱਥੋਂ ਦੀ ਅਸੈਂਬਲੀ ਆਦਿ ਦੀ ਚੋਣ ਲੜਦੇ ਹੀ ਹਾਂ। ਉੱਥੇ ਸਾਨੂੰ ਵੀ ਤਾਂ ਆਪਣੇ ਦੇਸ਼ ਦੇ ਹੀ ਲੋਕ ਵੋਟ ਜ਼ਿਆਦਾਤਰ ਪਾਉਂਦੇ ਹਨ, ਗੋਰੇ ਨਹੀਂ ਪਾਉਂਦੇ।

ਇਹ ਪ੍ਰਵਾਸ ਦੀ ਇੱਕ ਪ੍ਰਕਿਰਿਆ ਹੈ ਅਤੇ ਇਸੇ ਤਰ੍ਹਾਂ ਅੱਗੇ ਤੋਂ ਅੱਗੇ ਚੱਲਦਾ ਹੀ ਰਹਿੰਦਾ ਹੈ ਅਤੇ ਚੱਲਦਾ ਹੀ ਰਹਿਣਾ ਹੈ। ਹਰ ਕੋਈ ਆਪਣੇ ਅਤੇ ਆਉਣ ਵਾਲੀ ਪੀੜ੍ਹੀ ਲਈ ਕੁਝ ਚੰਗਾ ਹੀ ਕਰਨ ਪ੍ਰਤੀ ਸੋਚਦਾ ਹੈ।

✲✲✲

# ਇਤਫ਼ਾਕ

ਅਸੀਂ ਆਪਣੇ ਜੀਵਨ ਵਿੱਚ ਵਿਚਰਦਿਆਂ ਕਈ ਵਾਰ, ਕਈ ਤਰ੍ਹਾਂ ਦੇ ਇਤਫ਼ਾਕ ਦੇਖਣ ਅਤੇ ਹੰਢਾਉਣ ਦੇ ਚਸ਼ਮਦੀਦ ਗਵਾਹ ਬਣ ਜਾਂਦੇ ਹਾਂ।

ਸਾਲ 2008 ਦੀ ਘਟਨਾ ਹੈ ਜਦ ਮੇਰੇ ਬਹੁਤ ਹੀ ਕਰੀਬੀ ਰਿਸ਼ਤੇਦਾਰ, ਜਿਹੜੇ ਉਸ ਸਮੇਂ ਇੱਕ ਸਰਕਾਰੀ ਅਦਾਰੇ ਵਿੱਚ ਸੇਵਾ ਨਿਭਾਅ ਰਹੇ ਸਨ, ਇੱਕ ਸਵੇਰੇ ਜਦ ਉਹ ਆਪਣੇ ਦਫ਼ਤਰ ਪਹੁੰਚੇ ਤਾਂ ਸਾਹਮਣੇ ਪਈ ਅਖ਼ਬਾਰ ਤੇ ਸਰਸਰੀ ਨਜ਼ਰ ਮਾਰੀ ਤਾਂ ਪਹਿਲੇ ਹੀ ਪੰਨੇ ’ਤੇ ਅਮਰੀਕਾ ਵਿਖੇ ਹੋਏ ਇੱਕ ਕਤਲ ਦੀ ਖ਼ਬਰ ਨੇ ਉਸ ਦਾ ਧਿਆਨ ਖਿੱਚਿਆ। ਧਿਆਨ ਹੋਰ ਵੀ ਡੂੰਘਾ ਚਲਾ ਗਿਆ ਜਦ ਖ਼ਬਰ ਦੀ ਤਫ਼ਸੀਲ ਪੜ੍ਹੀ ਤਾਂ ਪਤਾ ਚੱਲਿਆ ਕਿ ਜਿਸ ਲੜਕੀ ਦਾ ਕਤਲ ਹੋਇਆ ਹੈ ਉਸ ਦਾ ਕਾਤਲ ਕੋਈ ਹੋਰ ਨਹੀਂ ਸਗੋਂ ਮੇਰੇ ਉਸ ਰਿਸ਼ਤੇਦਾਰ ਦੇ ਇੱਕ ਸਹਿਯੋਗੀ ਦਾ ਹੀ ਪੁੱਤਰ ਸੀ। ਖ਼ਬਰ ਤੇ ਇਤਬਾਰ ਨਾ ਆਇਆ ਤਾਂ ਉਸ ਨੇ ਆਪਣੇ ਉਸ ਸਹਿਯੋਗੀ ਨੂੰ ਫੋਨ ਕੀਤਾ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਨਾਲ ਹੀ ਕਿਹਾ ਕਿ ਅਸੀਂ ਅੱਜ ਸ਼ਾਮ ਤੱਕ ਤੁਹਾਡੇ ਦੁੱਖ ਵਿੱਚ ਸ਼ਰੀਕ ਹੋਣ ਲਈ, ਤੁਹਾਨੂੰ ਮਿਲਣ ਲਈ ਚੰਡੀਗੜ੍ਹ ਆਵਾਂਗੇ।

ਕੰਮ ਵਿੱਚ ਰੁੱਝ ਗਏ, ਕੁਝ ਚਿਰ ਬਾਅਦ ਦਿਲ ਦੇ ਆਸ ਪਾਸ ਕੁਝ ਦਰਦ ਜਿਹਾ ਮਹਿਸੂਸ ਕੀਤਾ ਜਿਹੜਾ ਅਹਿਸਤਾ-ਅਹਿਸਤਾ ਵਧਦਾ ਹੀ ਗਿਆ, ਸ਼ਾਮ ਤੱਕ ਦਿਲ ਦੇ ਮਾਹਿਰ ਕੋਲ ਜਾਣਾ ਪਿਆ ਅਤੇ ਰਾਤ ਤੱਕ ਦਿਲ ਵਿੱਚ ਇਕ Stent ਵੀ ਪਾਉਣਾ ਪਿਆ। ਅਜੇ ਕੁਝ ਦਿਨ ਪਹਿਲਾਂ ਹੀ ਮੇਰੇ ਉਸ ਰਿਸ਼ਤੇਦਾਰ ਦੇ ਪਿਤਾ ਜੀ ਦਾ ਦਿਹਾਂਤ ਹੋ ਗਿਆ ਅਤੇ ਉਸ ਕਾਤਲ ਬੇਟੇ ਦਾ ਪਿਤਾ, ਜਿਹੜਾ ਇਨ੍ਹਾਂ ਦਾ ਸਹਿਯੋਗੀ ਸੀ, ਭੋਗ ’ਤੇ ਵੀ ਨਹੀਂ ਪਹੁੰਚ ਸਕਿਆ ਸਗੋਂ ਭੋਗ ਤੋਂ ਦੋ ਦਿਨ ਬਾਅਦ ਫ਼ੋਨ ਆਇਆ ਕਿ ਭਾਈ ਸਾਹਿਬ ਮੈਂ ਤੁਹਾਡੇ ਪਿਤਾ ਜੀ ਦੇ ਸਸਕਾਰ ਤੇ ਨਾ ਸਹੀ, ਭੋਗ ਤੇ ਵੀ ਨਹੀਂ ਆ ਸਕਿਆ ਕਿਉਂਕਿ ਮੇਰਾ ਬੇਟਾ ਜੇਲ੍ਹ ਚੋਂ ਰਿਹਾ ਹੋ ਗਿਆ ਸੀ ਅਤੇ ਅਸੀਂ ਸਾਰੇ ਉਸ ਨੂੰ ਲੈਣ ਲਈ ਅਮਰੀਕਾ ਗਏ ਹੋਏ ਸੀ।

ਭਾਈ ਸਾਹਿਬ ਨੇ ਕਿਹਾ ਕੋਈ ਗੱਲ ਨਹੀਂ ਅਸੀਂ ਤੁਹਾਨੂੰ ਅਤੇ ਤੁਹਾਡੇ ਬੇਟੇ ਨੂੰ ਮਿਲਣ ਲਈ ਕੱਲ ਹੀ ਚੰਡੀਗੜ੍ਹ ਆਵਾਂਗੇ। ਸਭ ਕੁਝ ਪੈਕਿੰਗ ਵਗੈਰਾ ਹੋ ਗਈ ਕਿ ਸਵੇਰੇ ਚੰਡੀਗੜ੍ਹ ਜਾਣਾ ਹੈ ਪ੍ਰੰਤੂ ਅਚਾਨਕ ਰਾਤ ਨੂੰ ਫਿਰ ਦਿਲ ਦੇ ਆਸ-ਪਾਸ ਦਰਦ ਸ਼ੁਰੂ ਹੋਇਆ ਅਤੇ ਕਾਰ ਨੂੰ ਚੰਡੀਗੜ੍ਹ ਦੀ ਬਜਾਏ ਲੁਧਿਆਣਾ ਲਿਜਾਣਾ ਪਿਆ ਜਿੱਥੇ

ਦਿਲ ਦਾ ਓਪਰੇਸ਼ਨ ਕਰਕੇ ਦੂਸਰਾ Stent ਪਾਉਣਾ ਪਿਆ। ਦਿਲ ਵਿੱਚ ਪਏ ਹੋਏ ਦੋਨੋਂ ਹੀ Stent ਇੱਕ ਹੀ ਪਰਿਵਾਰ ਦੀਆਂ ਦੋ ਅਹਿਮ ਘਟਨਾਵਾਂ ਨਾਲ ਜੁੜ ਕੇ ਰਹਿ ਗਏ ਹਨ।

ਪਿੱਠ ਵਿੱਚ ਦਰਦ ਕਾਰਨ ਇੱਕ ਦਿਨ ਡਾਕਟਰ ਦੇ ਲਿਜਾਣਾ ਪਿਆ ਤਾਂ MRI ਕਰਵਾਉਣ ਤੇ ਪਤਾ ਲੱਗਿਆ ਕਿ bone TB ਹੈ। ਪੂਰੇ ਇੱਕ ਸਾਲ ਬਾਅਦ ਉਸੇ ਹੀ ਤਰੀਖ਼ ਨੂੰ, ਉਸ ਦੀ ਬੇਟੀ ਨੂੰ ਕਿਸੇ ਕਾਰਨ ਉਸੇ ਡਾਕਟਰ ਦੇ ਲਿਜਾਣਾ ਪਿਆ ਤਾਂ ਡਾਕਟਰ ਨੇ ਉਸ ਨੂੰ ਵੀ MRI ਕਰਵਾਉਣ ਲਈ ਕਿਹਾ ਤਾਂ ਪਤਾ ਚਲਿਆ ਕਿ ਉਸਦੀ ਲੜਕੀ ਨੂੰ ਵੀ TB ਦੀ ਸ਼ਿਕਾਇਤ ਹੈ ਤੇ ਉਸ ਨੂੰ ਸਾਲ ਭਰ ਦਵਾਈ ਖਾਣੀ ਪਈ ਸੀ।

ਜ਼ਿੰਦਗੀ ਵਿੱਚ ਸਾਡੇ ਨਾਲ ਵੀ ਕਈ ਘਟਨਾਵਾਂ ਇਸ ਤਰ੍ਹਾਂ ਵਾਪਰ ਜਾਂਦੀਆਂ ਹਨ ਜਿਹੜੀਆਂ ਮਹਿਜ ਇੱਕ ਇਤਫ਼ਾਕ ਹੋ ਗੁਜ਼ਰਦੀਆਂ ਹਨ, ਇਹ ਅਕਸਰ ਹੀ ਸਾਡੇ ਨਾਲ ਸਹਿਜ ਸੁਭਾਅ ਵਾਪਰ ਜਾਂਦਾ ਹੈ ਜਿਸ ਨੂੰ ਅਸੀਂ ਕਈ ਵਾਰ ਤਾਂ ਅੱਖੋਂ-ਪਰੋਖੇ ਕਰ ਦਿੰਦੇ ਹਾਂ ਪਰ ਕਈ ਵਾਰ ਸਾਡੀ ਜ਼ਿੰਦਗੀ ਅਤੇ ਦਿਮਾਗ਼ ’ਤੇ ਇੱਕ ਅਹਿਮ ਛਾਪ ਛੱਡ ਜਾਂਦਾ ਹੈ।

✲✲✲

# ਕਾਦਰ ਦੀ ਕੁਦਰਤ

ਅੰਬਾਂ ਦਾ ਮੌਸਮ ਸ਼ੁਰੂ ਹੋਇਆ ਤਾਂ ਸਰਦਾਰਨੀ ਨੇ ਆਚਾਰੀ ਅੰਬ ਲਿਆਉਣ ਲਈ ਹੁਕਮ ਸੁਣਾ ਦਿੱਤਾ, ਕੋਈ ਸਵਾਲ ਨਹੀਂ। ਅਸੀਂ ਦੋ ਤਿੰਨ ਸਾਲ ਬਾਅਦ ਇਕੱਠਾ ਹੀ ਪੰਜ-ਸੱਤ ਕਿੱਲੋ ਅੰਬਾਂ ਦਾ ਆਚਾਰ ਪਾ ਲਈਦਾ ਹੈ। ਅੰਬ ਲਿਆਂਦੇ ਤਾਂ ਕੱਟਣ ਦੀ ਜ਼ਿੰਮੇਵਾਰੀ ਵੀ ਮੇਰੀ ਸੀ। ਕੱਟਦੇ-ਕੱਟਦੇ ਇੱਕ ਅੰਬ ਜਦ ਵਿਚਕਾਰ ਤੋਂ ਕੱਟਿਆ ਤਾਂ ਵਿੱਚ ਇੱਕ ਜਿਉਂਦਾ ਕੀੜਾ। ਜ਼ਰਾ ਸੋਚੋ, ਇਹ ਫਲ ਕਦੋਂ ਦਾ ਦਰੱਖਤ ਨੂੰ ਲੱਗਿਆ ਹੋਇਆ, ਕਦੋਂ ਦਾ ਕੱਟ ਕੇ ਮੰਡੀ ਵਿੱਚ ਆਇਆ ਹੋਇਆ ਤੇ ਅੱਜ ਜਦ ਕੱਟਣ ਲੱਗੇ ਤਾਂ ਵੀ ਚਾਕੂ ਤੋਂ ਉਹ ਕੀੜਾ ਬਚ ਗਿਆ। ਮੈਂ ਉਸ ਕੀੜੇ ਬਾਰੇ ਕੋਈ ਜ਼ਿਆਦਾ ਨਹੀਂ ਸੀ ਸੋਚ ਰਿਹਾ ਸਗੋਂ ਇਹ ਸੋਚ-ਸੋਚ ਕੇ ਹੈਰਾਨ ਹੋ ਰਿਹਾ ਸੀ ਕਿ ਪ੍ਰਮਾਤਮਾ ਨੇ ਅੰਬ ਪੈਦਾ ਕੀਤਾ, ਉਸ ਦੀ ਗੁਟਲੀ ਵਿੱਚ ਕਿਸ ਤਰ੍ਹਾਂ ਇਹ ਕੀੜਾ ਅੰਦਰ ਗਿਆ ਅਤੇ ਕਿੰਨੇ ਮਹੀਨੇ ਤੱਕ ਦਰੱਖਤ ਨਾਲ ਲੱਗ ਕੇ ਇਹ ਅੰਬ ਲਮਕਦਾ ਰਿਹਾ, ਫਿਰ ਮੰਡੀ ਗਿਆ ਅਤੇ ਮੰਡੀ ਤੋਂ ਅੱਜ ਸਾਡੇ ਘਰ ਆਇਆ ਤੇ ਫਿਰ ਵੀ ਚਾਕੂ ਦੀ ਮਾਰ ਤੋਂ ਬਚ ਗਿਆ। ਵਾਹ-ਵਾਹ ਮੇਰੇ ਪ੍ਰਮਾਤਮਾ ਤੇਰੀ ਕੁਦਰਤ ਨੂੰ ਕਰੋੜਾਂ-ਕਰੋੜਾਂ ਵਾਰ ਨਮਸਕਾਰ ਹੈ। ਅੰਬ ਦੇ ਅੰਦਰ ਬੰਦ ਕੀਤੇ ਇੱਕ ਕੀੜੇ ਨੂੰ ਵੀ ਰਿਜ਼ਕ ਦੇ ਰਿਹਾਂ ਹੈ, ਉਹ ਵੀ ਕਿੰਨੇ ਚਿਰ ਤੋਂ।

ਅੱਜ ਤੱਕ ਕੋਈ ਵੀ ਉਸ ਕਾਦਰ ਦੀ ਕੁਦਰਤ ਦਾ ਅੰਤ ਨਹੀਂ ਪਾ ਸਕਿਆ ਅਤੇ ਜਿਨ੍ਹਾਂ ਨੇ (ਬ੍ਰਹਮਾ ਨੇ) ਵੀ ਕੋਸ਼ਿਸ਼ ਕੀਤੀ ਪਰ ਅੰਤ ਨੂੰ ਉਨ੍ਹਾਂ ਵੀ ਹੱਥ ਖੜ੍ਹੇ ਕਰਕੇ ਕਹਿ ਦਿੱਤਾ, ਤੇਰਾ ਅੰਤ ਨਹੀਂ ਪਾਇਆ ਜਾ ਸਕਦਾ। ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਜੀ।

✲✲✲

# ਪਹਿਲਾ ਤੇ ਆਖ਼ਰੀ ਦੋਸਤ

ਮੈਨੂੰ ਤਾਂ ਯਾਦ ਨਹੀਂ ਹੈ, ਹੋ ਸਕਦਾ ਤੁਹਾਡੇ ਵਿੱਚੋਂ ਕਿਸੇ ਜ਼ਿਆਦਾ ਬੁੱਧੀਮਾਨ ਇਨਸਾਨ ਨੂੰ ਯਾਦ ਹੋਵੇ। ਮੇਰਾ ਮੰਨਣਾ ਹੈ ਕਿ ਸਾਡੇ ਸਾਰਿਆਂ ਦਾ ਬਚਪਨ ਇੱਕੋ ਜਿਹਾ ਹੀ ਸੀ, ਛੋਟੀ ਜਿਹੀ ਪ੍ਰਾਪਤੀ ਤੇ ਢੇਰ ਸਾਰੀਆਂ ਖੁਸ਼ੀਆਂ ਮਿਲ ਜਾਣੀਆਂ। ਇੱਕ ਝੱਗਾ ਜਾਂ ਪਜਾਮਾ ਨਵਾਂ ਮਿਲ ਜਾਣਾ, ਇਸ ਤਰ੍ਹਾਂ ਲੱਗਣਾ ਜਿਵੇਂ ਸੰਸਾਰ ਦੀਆਂ ਸਾਰੀਆਂ ਖੁਸ਼ੀਆਂ ਹੀ ਮਿਲ ਗਈਆਂ ਹੋਣ। ਇਹ ਵੀ ਸਮਾਂ ਵਧੀਆ ਸੀ। ਹੁਣ ਦੀ ਪਨੀਰੀ, ਕਿਸੇ ਗੱਲ ਤੇ ਖੁਸ਼ ਹੀ ਨਹੀਂ ਹੁੰਦੇ, ਹਰ ਰੋਜ਼ ਨਵੇਂ ਤੋਂ ਨਵੇਂ, ਮਹਿੰਗੇ ਤੋਂ ਮਹਿੰਗੇ ਖਿਡਾਉਣੇ ਚਾਹੀਦੇ ਹਨ, ਖੇਡਣਾ ਬੱਸ ਚਾਰ ਦਿਨ ਫਿਰ ਨਵੇਂ। ਸਾਡੇ ਮਾਂ ਬਾਪ ਤਾਂ ਵਿਚਾਰੇ ਅਨਪੜ੍ਹ ਸਨ ਤੇ ਉਨ੍ਹਾਂ ਨੇ ਸਾਨੂੰ ਕੁਝ ਕਿਤਾਬੀ ਗਿਆਨ ਲੈਣ ਦੇ ਕਾਬਲ ਜ਼ਰੂਰ ਬਣਾ ਦਿੱਤਾ ਹੈ ਜਿਸ ਦੇ ਸਦਕਾ ਹੀ ਅਸੀਂ ਦੁਨੀਆਂ ਦੇ ਕੋਨੇ-ਕੋਨੇ ਵਿੱਚ ਜਾਣ ਦੀ ਆਪਣੀ ਤਮੰਨਾ ਨੂੰ ਪੂਰਾ ਕਰ ਸਕੇ ਹਾਂ।

ਮੇਰਾ ਪੋਤਰਾ, ਜਿਹੜਾ ਅਜੇ ਤਿੰਨ ਸਾਲ ਦਾ ਹੈ, ਆਪਣੇ ਪਾਪਾ ਦੀ ਤਰਜ਼ 'ਤੇ ਉਸ ਦੇ ਕੰਮ ਵਾਲੇ ਸਾਰੇ ਸੰਦਾਂ ਜਿਹੇ ਖਿਡਾਉਣੇ ਲੈ ਕੇ ਆਇਆ ਹੈ ਜਿਵੇਂ ਟਰੱਕ, ਬੋਬਕੈਟ, ਟਰਾਲਾ ਆਦਿ। ਆਪਣੇ ਸਾਰੇ ਖਿਡਾਉਣੇ ਜਿਵੇਂ ਬੋਬਕੈਟ, ਟਰੱਕ, ਫਾਇਰ ਟਰੱਕ, ਬੱਸ, ਟਿੱਪਰ ਆਦਿ। ਸਵੇਰੇ ਹੀ ਮੈਨੂੰ ਹੁਕਮ ਸੁਣਾ ਦਿੰਦਾ ਹੈ, ਦਾਦਾ ਆਜਾ ਬਾਹਰ ਖੇਡੀਏ। ਮੇਰੀ ਬੋਬਕੈਟ, ਟਰੱਕ, ਫਾਇਰ ਟਰੱਕ, ਬੱਸ ਸਾਰੇ ਖਿਡੌਣੇ ਬਾਹਰ ਲੈ ਕੇ ਆਓ। ਸੱਤ ਬਚਨ ਜੀ ਕਹਿ ਕੇ ਆਪਾਂ ਵੀ ਸੇਵਾ ਵਿੱਚ ਲੱਗ ਜਾਈਦਾ ਹੈ। ਕੁਝ ਸਮਾਂ ਬਾਹਰ ਮਿੱਟੀ ਵਿੱਚ ਖੇਡ ਕੇ ਜਦ ਮਨ ਭਰ ਗਿਆ ਤਾਂ ਕਹਿਣ ਲੱਗ ਜਾਂਦਾ ਹੈ, ਦਾਦਾ ਹਵਾ ਬਹੁਤ ਹੈ ਅੰਦਰ ਚੱਲੀਏ। ਠੀਕ ਹੈ ਭਾਈ।

ਅੰਬਾਂ ਦਾ ਸ਼ੌਕੀਨ ਦਾਦੇ ਵਰਗਾ ਹੀ ਹੈ। ਅੰਬ ਹਰ ਰੋਜ਼ ਘੱਟੋ ਘੱਟ ਦੋ ਜ਼ਰੂਰ ਚਾਹੀਦੇ ਹਨ। ਅਸੀਂ ਵੀ ਸਾਰੀ ਗਰਮੀ ਕਦੇ ਅੰਬ ਮੁੱਕਣ ਨਹੀਂ ਦਿੰਦੇ ਕਿਉਂਕਿ ਸਾਡੀ ਪੋਤਰੀ ਵੀ ਅੰਬਾਂ ਦੀ ਬਹੁਤ ਸ਼ੌਕੀਨ ਹੈ। ਅੰਬ ਲਿਆਉਣਾ ਦਾਦੇ ਨੇ, ਕੱਟਣਾ ਦਾਦੇ ਨੇ, ਛਿੱਲਣਾ ਦਾਦੇ ਨੇ, ਖਿਲਾਉਣਾ ਵੀ ਦਾਦੇ ਨੇ। ਜੇਕਰ ਮੈਂ ਕਹਿ ਦੇਵਾਂ ਇੱਕ ਫਾੜੀ ਮੈਂ ਖਾ ਲਵਾਂ ਤਾਂ ਜਵਾਬ ਨਾਂਹ ਵਿੱਚ ਹੀ ਮਿਲਦਾ ਹੈ ਅਤੇ ਤਰਕ ਇਹ ਹੁੰਦਾ ਹੈ ਕਿ ਇਹ ਮੇਰਾ ਅੰਬ ਹੈ। ਵੇਹਲੇ ਸਮੇਂ ਵਿੱਚ ਮੈਂ ਆਪਣੇ ਪੋਤਰੇ ਦੀ ਸ਼ੁਰੂ ਤੋਂ ਹਰ ਹਰਕਤ ਆਪਣੇ ਕੰਪਿਊਟਰ ਵਿੱਚ ਅੰਕਿਤ ਕਰ ਰਿਹਾ ਹਾਂ, ਜਿਵੇਂ ਇਸ ਨੇ ਸਭ ਤੋਂ ਪਹਿਲਾਂ ਕਿਹੜਾ

ਸ਼ਬਦ ਬੋਲਿਆ, ਕੀ ਖਾਣ ਲਈ ਮੰਗਿਆ, ਕੀ ਪੀਣ ਲਈ ਮੰਗਿਆ, ਕਦੋਂ ਰੁੜ੍ਹਨ ਲੱਗਿਆ, ਕਦੋਂ ਤੁਰਨ ਲੱਗਿਆ, ਕਿਹੜੇ ਖਿਡਾਉਣੇ ਖੇਡਣ ਲਈ ਮੰਗੇ ਆਦਿ ਆਦਿ। ਅੱਜ ਤੱਕ ਤਕਰੀਬਨ ਅੱਠ ਕਾਰਡ ਬਣ ਗਏ ਹਨ ਅਤੇ ਉਮੀਦ ਹੈ ਕਿ ਪੰਜ-ਸੱਤ ਹੋਰ ਵੀ ਬਣ ਜਾਣਗੇ। ਇਹ ਸਾਰੇ ਕਾਰਡ ਇਸ ਨੂੰ ਵੱਡੇ ਹੋਏ ਨੂੰ ਪੜ੍ਹ ਕੇ ਵੱਡੀ ਸਕਰੀਨ 'ਤੇ ਚਲਾ ਕੇ ਦਿਖਾ ਦੇਣੇ ਹਨ। ਮੇਰੀਆਂ ਤਿੰਨ ਛੁੱਟੀਆਂ ਸਵੇਰੇ ਤੋਂ ਸ਼ਾਮ ਤੱਕ ਮੇਰੇ ਪੋਤਰੇ ਦੇ ਲੇਖੇ ਹੀ ਲੱਗਦੀਆਂ ਹਨ। ਮੈਨੂੰ ਵੀ ਬਹੁਤ ਖੁਸ਼ੀ ਮਹਿਸੂਸ ਹੁੰਦੀ ਹੈ ਇਹ ਸਭ ਕੁਝ ਕਰਕੇ। ਮੇਰਾ ਪੋਤਰਾ, ਪਿਛਲੀ ਉਮਰੇ ਬਣਿਆ ਮੇਰਾ ਸਭ ਤੋਂ ਆਖਰੀ ਦੋਸਤ ਹੈ ਅਤੇ ਮੈਂ ਸਮਝਦਾ ਹਾਂ ਕਿ ਮੈਂ ਵੀ ਉਸਦਾ ਸਭ ਤੋਂ ਪਹਿਲਾ ਦੋਸਤ ਹੋਵਾਂਗਾ।

✲✲✲

# ਭੂਆ

"ਆਪਾਂ ਗਿੰਨੀ ਦਾ ਰਿਸ਼ਤਾ ਉੱਥੇ ਨਹੀਂ ਕਰਾਉਣਾ, ਚਾਹੇ ਉਹ ਮੇਰੇ ਬਹੁਤ ਨੇੜੇ ਦੇ ਹਨ ਪਰ ਇਹ ਗੱਲ ਨਹੀਂ ਹੋਣੀ, ਜੇਕਰ ਤੂੰ ਕੋਈ ਹੋਰ ਇੱਧਰ ਉੱਧਰ ਦੀ ਗੱਲ ਕੀਤੀ ਤਾਂ ਦੇਖ ਲਈਂ", ਭੂਆ ਫੁੱਫੜ ਨੂੰ ਸਮਝਾ ਘੱਟ ਪਰ ਡਾਂਟ ਜ਼ਿਆਦਾ ਰਹੀ ਸੀ। ਵਿਚਾਰੇ ਫੁੱਫੜ ਨੂੰ ਕੋਈ ਆਪਣੇ ਘਰ ਵੀ ਨਹੀਂ ਸੀ ਪੁੱਛਦਾ, ਉਪਰੋਂ ਭੂਆ ਮਗਰ ਅਜਿਹੀ ਲੱਗੀ ਕਿ ਸੋਨੇ 'ਤੇ ਸੁਹਾਗਾ ਹੋ ਗਿਆ, ਬਿਲਕੁਲ ਹੀ ਬੋਲਤੀ ਬੰਦ ਹੋ ਗਈ ਵਿਚਾਰੇ ਫੁੱਫੜ ਦੀ। ਜਿਹੜੀ ਗੱਲ ਭੂਆ ਨੇ ਕਹਿ ਦਿੱਤੀ ਉਹ ਪੱਥਰ 'ਤੇ ਲੀਕ, ਫੁੱਫੜ ਦੀ ਕਦੇ ਜੁਅਰਤ ਹੀ ਨਹੀਂ ਸੀ ਹੋਈ ਕਿ ਕੋਈ ਅੱਗੋਂ ਸਵਾਲ ਕਰ ਸਕੇ।

ਅੱਜ ਭੂਆ ਆਪਣੇ ਪੇਕੇ ਆਈ ਹੋਈ ਸੀ ਤੇ ਵੱਡੀ ਭਰਜਾਈ ਨੇ ਆਪਣੀ ਨਣਦ ਕੋਲ ਆਪਣੀ ਵੱਡੀ ਬੇਟੀ, ਗਿੰਨੀ ਦੇ ਰਿਸ਼ਤੇ ਬਾਰੇ ਗੱਲ ਕੀਤੀ, ਕਿਉਂਕਿ ਜਿਹੜਾ ਰਿਸ਼ਤਾ ਆਇਆ ਸੀ ਉਹ ਭੂਆ ਦੇ ਬਹੁਤ ਕਰੀਬ ਦੇ ਸਨ ਅਤੇ ਉੱਥੇ ਵੀ ਭੂਆ ਦੀ ਕਾਫੀ ਕਹੀ-ਸੁਣੀ ਜਾਂਦੀ ਸੀ। ਭਰਜਾਈ ਨੇ ਤਾਂ ਆਪਣਾ ਪੱਖ ਇਸ ਕਰਕੇ ਆਪਣੀ ਨਣਦ ਕੋਲ ਰੱਖਿਆ ਤਾਂ ਕਿ ਉਹ ਆਪਣੀ ਭਤੀਜੀ ਬਾਰੇ ਨਹੀਂ ਸੋਚੇਗੀ ਤਾਂ ਹੋਰ ਕਿਸ ਦਾ ਸੋਚੇਗੀ, ਪਰ ਇੱਥੇ ਤਾਂ ਸੋਚ ਹੀ ਪੁੱਠੀ ਸੀ।

ਭੂਆ ਨਹੀਂ ਸੀ ਚਾਹੁੰਦੀ ਕਿ ਉਸ ਦੀ ਭਤੀਜੀ ਐਨੇ ਵੱਡੇ ਘਰ ਵਿਆਹੀ ਜਾਏ, ਕਿਉਂਕਿ ਉਹ ਤਾਂ ਆਪਣੀ, ਆਪਦੀ ਬੇਟੀ ਬਾਰੇ ਪਹਿਲਾਂ ਹੀ ਸੋਚੀ ਬੈਠੀ ਸੀ, ਭਰਾ ਦਾ ਨਾ ਸੋਚ ਕੇ ਆਪਣਾ ਹੀ ਸੋਚੀ ਜਾਂਦੀ ਸੀ। ਗੋਲੀ ਮਾਰੋ ਅਜਿਹੀ ਭੂਆ ਨੂੰ ਜਿਹੜੀ ਸਕੇ ਭਰਾ-ਭਰਜਾਈ ਅਤੇ ਸਕੀ ਭਤੀਜੀ ਦਾ ਵੀ ਨਹੀਂ ਸੋਚਦੀ। ਗਿੰਨੀ ਮਿੰਨੀ ਦੋਨਾਂ ਦਾ ਕੋਈ ਭਰਾ ਨਹੀਂ ਸੀ, ਪਿਤਾ ਅਤੇ ਮਾਤਾ ਬੇਹਦ ਦਰਜੇ ਦੇ ਸ਼ਰੀਫ। ਘਰ ਵਿੱਚ ਚਾਚਾ ਵੀ ਰੱਜ ਕੇ ਪ੍ਰੇਸ਼ਾਨ ਕਰਦਾ ਦੋਹਾਂ ਨੂੰ, ਕਿੱਥੇ ਜਾਣਾ, ਕਿਵੇਂ ਜਾਣਾ, ਕੀ ਪਹਿਨਣਾ ਹੈ ਆਦਿ ਸਭ ਤੇ ਬੁੜੀਆਂ ਦੀ ਤਰ੍ਹਾਂ ਟੋਕਾ ਟਾਕੀ ਕਰਦਾ ਹੀ ਰਹਿੰਦਾ, ਕੁੜੀਆਂ ਸਭ ਕੁਝ ਚੁੱਪਚਾਪ ਸੁਣਦੀਆਂ ਰਹਿੰਦੀਆਂ।

ਸਮਾਂ ਬਦਲਿਆ, ਦੋਨਾਂ ਨੇ ਪੀ.ਐਚ.ਡੀ. ਤੱਕ ਦੀ ਪੜ੍ਹਾਈ ਕੀਤੀ ਅਤੇ ਦੋਨੋਂ ਹੀ ਦੋ ਮਹੀਨੇ ਦੇ ਫ਼ਰਕ ਨਾਲ ਅਮਰੀਕਾ ਪਹੁੰਚ ਗਈਆਂ। ਦੋਨਾਂ ਦੇ ਪ੍ਰਾਹੁਣੇ ਵੀ ਬਹੁਤ ਮਿਹਨਤੀ ਇਨਸਾਨ ਮਿਲੇ। ਜਿਹੜੀ ਭੂਆ ਨੇ ਆਪਣੀ ਕੁੜੀ ਲਈ ਆਪਣੀ ਭਤੀਜੀ ਦੀ ਕੁਰਬਾਨੀ ਦਿੱਤੀ ਸੀ, ਉਹਨਾਂ ਮੁੰਡੇ ਵਾਲਿਆਂ ਨੇ ਉਸ ਭੂਆ ਦੀ ਕੁੜੀ ਦਾ ਰਿਸ਼ਤਾ

ਲੈਣ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਸਾਨੂੰ ਉਸ ਕੁੜੀ ਦੀਆਂ ਸਾਰੀਆਂ ਕਹਾਣੀਆਂ ਪਤਾ ਲੱਗੀਆਂ ਹਨ ਅਤੇ ਉਹ ਕਿਸੇ ਹੋਰ ਦੀ ਚਾਹਤ ਦਿਲ ਵਿੱਚ ਰੱਖਣ ਵਾਲੀ ਕੁੜੀ ਨੂੰ ਆਪਣੇ ਘਰ ਦੀ ਇੱਜ਼ਤ ਨਹੀਂ ਬਣਾ ਸਕਦੇ।

ਅੱਜ ਉਸੇ ਭੂਆ ਦਾ ਫ਼ੋਨ ਗਿੰਨੀ ਨੂੰ ਆਇਆ ਤਾਂ ਕਿ ਆਪਣੀ ਕੁੜੀ ਨੂੰ ਵੀ ਅਮਰੀਕਾ ਭੇਜ ਸਕੇ, ਕੋਈ ਹੀਲਾ ਵਸੀਲਾ ਕਰਨ ਲਈ ਵਾਸਤਾ ਪਾਇਆ। ਗਿੰਨੀ ਮਿੰਨੀ ਦੋਵੇਂ ਬਹੁਤ ਸੁਖੀ ਸਨ, ਆਪਣੇ ਘਰ ਰਾਜ ਕਰਦੀਆਂ ਸਨ। ਦੋਨੋਂ ਇੰਨੀਆਂ ਸੌਖੀਆਂ ਸਨ ਕਿ ਉਨ੍ਹਾਂ ਨੇ ਭੂਆ ਵਲੋਂ ਕੀਤੇ ਗਏ ਉਸ ਵਿਹਾਰ ਨੂੰ ਵੀ ਦਿਲੋਂ ਭੁਲਾ ਦਿੱਤਾ ਸੀ। ਗਿੰਨੀ ਮਿੰਨੀ ਨੇ ਘਰੇ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਵਿੱਚ ਗੱਲ ਕੀਤੀ ਅਤੇ ਆਪਣੇ ਇਕਲੌਤੇ ਦੇਵਰ ਲਈ ਰਿਸ਼ਤਾ ਮੰਗ ਲਿਆ। ਰਜ਼ਾਮੰਦੀ ਹੋ ਗਈ, ਅੱਜ ਤਿੰਨੇ ਹੀ ਮਾਮੇ ਭੂਆ ਦੀਆਂ ਧੀਆਂ ਇਕੋ ਹੀ ਸ਼ਹਿਰ ਵਿੱਚ ਰਹਿ ਰਹੀਆਂ ਹਨ। ਭੂਆ ਨੂੰ ਅੱਜ ਰਹਿ-ਰਹਿ ਕੇ ਆਪਣੇ ਕੀਤੇ 'ਤੇ ਪਛਤਾਵਾ ਹੋ ਰਿਹਾ ਸੀ।

✲✲✲

# ਇੱਕ ਮੋੜ

ਦੀਪ ਉਸ ਸਾਲ ਐਮ.ਏ. ਦਾ ਦੂਸਰਾ ਸਾਲ ਕਰ ਰਿਹਾ ਸੀ। ਆਪਣੇ ਪਿਉ ਦੀ ਅਚਾਨਕ ਮੌਤ ਦੇ ਕਾਰਨ ਉਸ ਨੂੰ ਆਪਣੀ ਪੜ੍ਹਾਈ ਵਿਚਕਾਰ ਹੀ ਛੱਡ ਕੇ ਆਉਣਾ ਪਿਆ। ਜ਼ਿਆਦਾ ਪੜ੍ਹਿਆ ਹੋਣ ਕਰਕੇ ਦੀਪ ਦਾ ਸਾਰੇ ਪਿੰਡ ਵਾਲੇ ਚੰਗਾ ਮਾਣ ਕਰਦੇ ਸਨ। ਉਹ ਵੀ ਕਦੀ ਸਾਲ ਛਿਮਾਹੀ ਘਰ ਆਉਂਦਾ ਸੀ ਤਾਂ ਭਾਲਿਆ ਨਹੀਂ ਸੀ ਥਿਉਂਦਾ।

ਜੀਤ, ਵੱਡਾ ਭਰਾ, ਦੀਪ ਦਾ ਵਿਆਹ ਹੋਣ ਉਪਰੰਤ ਜਲਦੀ ਅੱਡ ਹੋ ਗਿਆ ਸੀ। ਦੀਪ ਦੀ ਵੱਡੀ ਭੈਣ ਦਾ ਵਿਆਹ ਹੋ ਚੁੱਕਾ ਸੀ। ਘਰ ਦੀ ਜ਼ਮੀਨ ਜਾਇਦਾਦ ਚੰਗੀ ਸੀ ਜਿਸ ਕਰਕੇ ਕਾਫੀ ਠੇਕਾ ਆ ਜਾਂਦਾ ਸੀ ਤੇ ਉਨ੍ਹਾਂ ਦੇ ਘਰ ਦਾ ਗੁਜ਼ਾਰਾ ਚੰਗਾ ਚਲ ਰਿਹਾ ਸੀ। ਦੀਪ ਨੂੰ ਵੀ ਖਰਚਾ ਖੁੱਲ੍ਹਾ ਮਿਲ ਜਾਂਦਾ ਸੀ ਜਿਸ ਕਰਕੇ ਉਸ ਦੀਆਂ ਆਦਤਾਂ ਹੁਣ ਦਿਨ-ਬ-ਦਿਨ ਵਿਗੜਦੀਆਂ ਹੀ ਜਾ ਰਹੀਆਂ ਸਨ। ਸ਼ਰਾਬ ਦੇ ਨਾਲ-ਨਾਲ ਹੁਣ ਜੂਆ ਵੀ ਖੇਡਣਾ ਸ਼ੁਰੂ ਕਰ ਦਿੱਤਾ ਸੀ।

"ਆ ਬਈ ਦੀਪ, ਕਦੋਂ ਆਇਆ? ਯਾਰ ਤੂੰ ਤੇ ਈਦ ਦਾ ਚੰਨ ਈ ਹੋ ਗਿਆ ਕਦੇ ਨਜ਼ਰ ਹੀ ਨਹੀਂ ਆਇਆ" "ਬੱਸ ਘੱਟ ਵਧ ਹੀ ਪਿੰਡ ਆਈਦਾ ਸੀ ਪਰ ਹੁਣ ਤੇ..., ਹਾਂ-ਹਾਂ ਯਾਰ ਹੋਈ ਬੜੀ ਮਾੜੀ। ਚੰਗਾ ਸੀ ਵਿਚਾਰਾ ਸਾਰਿਆਂ ਦਾ ਸਾਂਝਾ। ਖੈਰ ਉਸ ਡਾਢੇ ਰੱਬ ਅੱਗੇ ਕਿਸੇ ਦਾ ਜ਼ੋਰ ਵੀ ਤੇ ਨਹੀਂ ਚੱਲਦਾ।" ਸ਼ੇਰਾ ਪਿੰਡ 'ਚ ਮੰਨਿਆ ਬਦਮਾਸ਼ ਸੀ। ਇੱਕ ਦਿਨ ਬਾਹਰ ਨੂੰ ਜਾਂਦੇ ਦੀਪ ਨੂੰ ਰੋਕ ਕੇ ਉਸ ਨੇ ਦੀਪ ਦੇ ਪਿਤਾ ਦਾ ਦੁੱਖ ਸੁੱਖ ਕੀਤਾ। ਵੈਸੇ ਸ਼ੇਰੇ ਨੂੰ ਕੋਈ ਵੀ ਪਿੰਡ ਵਾਲਾ ਮੂੰਹ ਨਹੀਂ ਸੀ ਲਾਉਂਦਾ।

"ਦੇਖ ਪੁੱਤ ਸਮਾਂ ਬੜਾ ਮਾੜਾ ਐ। ਰਾਤ ਨੂੰ ਟੈਮ ਸਿਰ ਘਰ ਆ ਜਾਇਆ ਕਰ। ਅੱਗੇ ਤਾਂ ਚਲੋ ਤੇਰਾ ਪਿਉ ਸੀ ਮੈਨੂੰ ਕੋਈ ਡਰ ਨਹੀਂ ਸੀ ਹੁਣ ਤੇ ਜਦ ਤੱਕ ਤੂੰ ਘਰ ਨਹੀਂ ਆਉਂਦਾ, ਇਹ ਘਰ ਮੈਨੂੰ ਖਾਣ ਨੂੰ ਆਉਂਦਾ ਹੈ। ਹੁਣ ਪੁੱਤ ਮੈਂ ਬਿਰਧ ਹੋ ਗਈ ਹਾਂ, ਕੋਈ ਰੋਟੀਆਂ ਪਕਾਉਣ ਵਾਲੀ ਲੈ ਆ, ਹੁਣ ਤੂੰ ਕਿਹੜਾ ਜੁਆਕ ਹੈ। ਮੇਰਾ ਕੀ ਪਤਾ ਨਦੀ ਕਿਨਾਰੇ ਰੁੱਖੜਾ।" ਜਦ ਕਦੀ ਦੀਪ ਰਾਤ ਨੂੰ ਦੇਰ ਨਾਲ ਘਰ ਆਉਂਦਾ ਤਾਂ ਦੀਪ ਦੀ ਮਾਂ ਉਸ ਨੂੰ ਲੰਬੀ ਨਸੀਹਤ ਕਰਦੀ ਤੇ ਨਾਲ ਹੀ ਵਿਆਹ ਕਰਵਾ ਲੈਣ ਲਈ ਵੀ ਕਹਿੰਦੀ, ਪਰ ਦੀਪ ਹੁਣ ਘੱਟ ਵੱਧ ਹੀ ਪ੍ਰਵਾਹ ਕਰਦਾ ਸੀ।

ਦੀਪ ਹੁਣ ਕਦੀ-ਕਦੀ ਤੋਂ ਅਕਸਰ ਲੇਟ ਘਰ ਆਉਂਦਾ ਸੀ ਤੇ ਉਹ ਵੀ ਰੱਜ

ਕੇ। ਦੀਪ ਦੀ ਮਾਂ ਬਹੁਤ ਕਲਪਦੀ ਪਰ ਦੀਪ ’ਤੇ ਅਸਰ ਘੱਟ ਵੱਧ ਹੀ ਹੁੰਦਾ ਸੀ। ਦੀਪ ਸ਼ੇਰੇ ਦੀ ਪਾਰਟੀ ਵਿੱਚ ਰਲ ਗਿਆ ਸੀ ਜਿਸ ਕਰਕੇ ਦੀਪ ਦੀ ਮਾਂ ਨੂੰ ਇੱਕ ਦੋ ਉਲਾਮੇ ਵੀ ਆਏ। ਮਾਂ ਦੇ ਸਮਝਾਉਣ ਤੇ ਦੀਪ ਉਲਟ ਕੇ ਮਾਂ ਨੂੰ ਮੰਦਾ ਚੰਗਾ ਬੋਲਦਾ। ਦੀਪ ਦੀ ਮਾਂ ਨੇ ਤੰਗ ਆ ਕੇ ਦੀਪ ਦਾ ਵਿਆਹ ਕਰ ਦਿੱਤਾ ਪਰ ਦੀਪ ਦੀਆਂ ਆਦਤਾਂ ਬਦਲਣ ਦੀ ਬਜਾਏ ਦਿਨ-ਬ-ਦਿਨ ਵਿਗੜਦੀਆਂ ਹੀ ਗਈਆਂ। ਸ਼ੇਰਾ ਦੀਪ ਨੂੰ ਹਥਿਆਰ ਬਣਾ ਕੇ ਜੀਤ ’ਤੇ ਹੀ ਵਰਤਣਾ ਚਾਹੁੰਦਾ ਸੀ। ਇਕ ਵਾਰੀ ਜੀਤ ਨੇ ਸ਼ੇਰੇ ਨੂੰ ਇਕ ਹਰੀਜਨਾ ਦੀ ਕੁੜੀ ਨਾਲ ਜਬਰਦਸਤੀ ਕਰਦਿਆਂ ਖੇਤਾਂ ਵਿੱਚ ਫੜਿਆ ਸੀ ਤੇ ਥਾਣੇ ਭਿਜਵਾਇਆ ਸੀ। ਉਦੋਂ ਤੋਂ ਹੀ ਸ਼ੇਰਾ ਜੀਤੇ ਨਾਲ ਖਾਰ ਖਾਂਦਾ ਸੀ ਤੇ ਬਦਲੇ ਦੀ ਅੱਗ ਵਿਚ ਸੜ ਰਿਹਾ ਸੀ।

“ਦੀਪਿਆ, ਸੁਣਿਆ ਤੇਰੇ ਭਰਾ ਨੇ ਪਟਵਾਰੀ ਨੂੰ ਪੈਸੇ ਦੇ ਕੇ ਸਾਰੀ ਜ਼ਮੀਨ ਆਪਣੇ ਇਕੱਲੇ ਦੇ ਨਾਮ ਕਰਵਾ ਲਈ ਹੈ।” ਇੱਕ ਦਿਨ ਸ਼ੇਰੇ ਨੇ ਦੀਪ ਨੂੰ ਰੋਕ ਕੇ ਕਿਹਾ।” ਦੀਪ ਨਸ਼ੇ ਵਿੱਚ ਸੀ। ਉਸ ਨੇ ਆਪਣੇ ਪਿਉ ਵਰਗੇ ਭਰਾ ’ਤੇ ਇਹ ਇਲਜ਼ਾਮ ਮੰਨਣ ਤੋਂ ਇਨਕਾਰ ਕਰ ਦਿੱਤਾ। ਨਸ਼ੇ ਦਾ ਦੌਰ ਚੱਲ ਰਿਹਾ ਸੀ। ਸ਼ੇਰੇ ਨੇ ਦੀਪੇ ਨੂੰ ਇਕ ਦੋ ਹੋਰ ਝੂਠੀਆਂ ਗੱਲਾਂ ਮਸਾਲਾ ਲਾ ਕੇ ਕਹੀਆਂ ਤੇ ਦੀਪੇ ਨੂੰ ਜੀਤ ਵਿਰੁੱਧ ਭੜਕਾ ਦਿੱਤਾ। ਸ਼ਰਾਬੀ ਦਾ ਵੀ ਮੂਡ ਹੀ ਹੁੰਦਾ।

ਦੀਪ ਗੁੱਸੇ ਵਿੱਚ ਭੜਕ ਕੇ ਉੱਥੋਂ ਉੱਠ ਕੇ ਚਲਾ ਗਿਆ। ਜਦ ਉਹ ਘਰ ਪਹੁੰਚਿਆ ਤਾਂ ਹਨੇਰਾ ਕਾਫੀ ਹੋ ਚੁੱਕਿਆ ਸੀ। ਦੀਪ ਦੇ ਮਨ ਵਿੱਚ ਜੀਤ ਨੂੰ ਜਾਨੋ ਮਾਰਨ ਦਾ ਭੂਤ ਸਵਾਰ ਸੀ। ਜਦ ਹੀ ਉਸਨੇ ਘਰ ਪੈਰ ਰੱਖਿਆ ਤਾਂ ਕੀ ਦੇਖਦਾ ਕਿ ਉਸਦੀ ਮਾਂ ਆਖ਼ਰੀ ਸਾਹਾਂ ’ਤੇ ਸੀ ਤੇ ਜੀਤ ਮਾਂ ਦੇ ਕੋਲ ਬੈਠਾ ਸੀ।

ਮਾਂ ਨੇ ਦੀਪ ਨੂੰ ਆਪਣੇ ਕੋਲ ਬੁਲਾਇਆ ਤੇ ਇੱਕ ਵਚਨ ਮੰਗਿਆ ਕਿ ਦੋਵੇਂ ਭਰਾ ਰਲ ਕੇ ਚੱਲਣਗੇ ਅਤੇ ਨਾਲ ਹੀ ਜੀਤ ਕੋਲੋਂ ਵੀ ਵਚਨ ਲਿਆ ਕਿ ਸਾਰੀ ਉਮਰ ਦੋਵੇਂ ਭਰਾ ਮਿਲ ਕੇ ਰਹਿਣ, ਮਾਂ ਨੇ ਛੋਟੇ ਭਰਾ ਦਾ ਹੱਥ ਵੱਡੇ ਭਰਾ ਦੇ ਹੱਥ ਵਿੱਚ ਫੜਾ ਕੇ ਕਿਹਾ, ਜੀਤਿਆ ਤੂੰ ਹੀ ਇਸਦਾ ਭਰਾ ਤੇ ਤੂੰ ਹੀ ਇਸਦਾ..., ਅਜੇ ਪਿਉ ਸ਼ਬਦ ਪੂਰਾ ਮੂੰਹ ਚੋਂ ਨਿਕਲਿਆ ਹੀ ਨਹੀਂ ਸੀ ਕਿ ਉਸਨੇ ਪ੍ਰਾਣ ਤਿਆਗ ਦਿੱਤੇ।

ਉਸ ਦਿਨ ਤੋਂ ਬਾਅਦ ਦੀਪ ਦੀ ਜ਼ਿੰਦਗੀ ਨੇ ਇੱਕ ਨਵਾਂ ਮੋੜ ਕੱਟ ਲਿਆ। ਹੁਣ ਦੀਪ ਜੀਤ ਰਲ-ਮਿਲ ਕੇ ਰਹਿੰਦੇ ਸਨ। ਦੀਪ ਦੀ ਜ਼ਿੰਦਗੀ ਹੁਣ ਪੂਰੀ ਤਰ੍ਹਾਂ ਬਦਲ ਚੁੱਕੀ ਸੀ।

✲✲✲

# ਨਹਿਲੇ ਤੇ ਦਹਿਲਾ

ਪਤੀ ਘਰੇ ਆਇਆ ਤਾਂ ਪਤਨੀ ਨੇ ਪੂਰੀ ਮਿਹਨਤ ਨਾਲ ਬਣਾਇਆ ਖਾਣਾ ਪਰੋਸ ਕੇ ਰੱਖਿਆ ਤਾਂ ਪਤੀ ਕਹਿੰਦਾ, ਪਤਾ ਨਹੀਂ ਕੋਈ ਚੀਜ਼ ਦੀ ਕਮੀ ਹੈ ਸਵਾਦ ਪੂਰਾ ਨਹੀਂ ਆ ਰਿਹਾ। ਪਤਨੀ ਹੈਰਾਨ ਪ੍ਰੇਸ਼ਾਨ ਕਿ ਮੈਂ ਸਾਰਾ ਦਿਨ ਖਾਣਾ ਤਿਆਰ ਕਰਨ ’ਤੇ ਲਾ ਦਿੱਤਾ ਤੇ ਇਸਨੂੰ ਸਵਾਦ ਨਹੀਂ ਆਉਂਦਾ। ਤਕਰੀਬ ਸੋਚੀ ਕਿ ਇਸ ਨੂੰ ਸਵਾਦ ਦਵਾ ਹੀ ਦੇਵੇ। Covid ਦੀ ਹੈਲਪ ਲਾਈਨ ’ਤੇ ਫ਼ੋਨ ਕੀਤਾ ਕਿ ਮੇਰੇ ਪਤੀ ਨੂੰ ਭੋਜਨ ਵਿੱਚ ਕੋਈ ਸਵਾਦ ਨਹੀਂ ਆ ਰਿਹਾ, ਕੁਝ ਦਿਨਾਂ ਬਾਅਦ ਘਰੇ ਆਇਆ ਹੈ, ਕਿਤੇ Covid ਦੀ ਸ਼ਿਕਾਇਤ ਨਾ ਹੋਵੇ, ਚੈਕ ਕਰ ਲਵੋ ਜੀ ਅਜਿਹਾ ਨਾ ਹੋਵੇ ਕਿ ਬਾਕੀ ਪਰਿਵਾਰ ਦੇ ਮੈਂਬਰ ਵੀ ਬਿਮਾਰ ਹੋ ਜਾਣ। ਪੂਰੀ ਟੀਮ ਆਈ, ਪਤੀ ਨੇ ਬਹੁਤ ਸਫ਼ਾਈ ਦਿੱਤੀ ਕਿ ਅਜਿਹੀ ਕੋਈ ਗੱਲ ਨਹੀਂ ਪਰ ਉਸ ਦੀ ਇੱਕ ਵੀ ਨਹੀਂ ਸੁਣੀ ਤੇ ਵੈਨ ਵਿਚ ਬਿਠਾ ਕੇ ਲੈ ਗਏ। ਪਤੀ ਬੜਾ ਹੈਰਾਨ ਵੀ ਤੇ ਪ੍ਰੇਸ਼ਾਨ ਵੀ।

ਡਾਕਟਰਾਂ ਨੇ ਪੁੱਛਿਆ ਕਿ ਪਿਛਲੇ 24 ਘੰਟਿਆਂ ਵਿੱਚ ਕਿਸ-ਕਿਸ ਦੇ ਸੰਪਰਕ ਵਿੱਚ ਆਏ ਹੋ, ਦਿਮਾਗ਼ 100 ਕਿਲੋਮੀਟਰ ਦੀ ਸਪੀਡ ਨਾਲ ਦੌੜਾਇਆ, ਝੱਟ ਪਟ ਹੀ ਸਾਰੇ ਸਹੁਰਾ ਪਰਿਵਾਰ ਦੇ ਮੈਂਬਰਾਂ ਦੇ ਨਾਮ ਅਤੇ ਪਤੇ ਦੱਸ ਦਿੱਤੇ। ਬੱਸ ਫਿਰ ਕੀ ਸੀ ਅਗਲੇ ਹੀ ਪਲ ਸਹੁਰੇ ਪਰਿਵਾਰ ਦੇ ਸਾਰੇ ਮੈਂਬਰ ਉਸੇ ਲਾਈਨ ਵਿੱਚ ਹੀ ਪਏ ਸਨ ਜਿੱਥੇ ਪਤੀ ਸਾਹਿਬ ਪਏ ਸਨ।

ਲੈ ਸਵਾਦ ਤੂੰ ਵੀ ਬੀਬਾ।

ਪਤੀ ਨੂੰ ਆਪਣੇ ਤੋਂ ਘੱਟ ਸਿਆਣਾ ਅਤੇ ਆਪਣੇ ਆਪ ਨੂੰ ਜ਼ਿਆਦਾ ਤਿੱਖਾ ਨਾ ਸਮਝੋ।

✲✲✲

# ਜ਼ਿੰਦਗੀ

ਜ਼ਿੰਦਗੀ ਇੱਕ ਲਲਕਾਰ ਹੈ, ਇਸਦਾ ਸਾਹਮਣਾ ਕਰੋ।
ਜ਼ਿੰਦਗੀ ਇੱਕ ਜੱਦੋ-ਜਹਿਦ ਹੈ, ਇਸਨੂੰ ਸਵੀਕਾਰ ਕਰੋ।
ਜ਼ਿੰਦਗੀ ਇੱਕ ਭੇਤ ਹੈ, ਇਸਨੂੰ ਖੋਲੋ।
ਜ਼ਿੰਦਗੀ ਖੇਡ ਹੈ, ਇਸਨੂੰ ਖੇਡੋ।
ਜ਼ਿੰਦਗੀ ਇੱਕ ਗੀਤ ਹੈ, ਇਸਨੂੰ ਗਾਓ।
ਜ਼ਿੰਦਗੀ ਇੱਕ ਆਸ਼ੀਰਵਾਦ ਹੈ, ਇਸਦਾ ਮਜ਼ਾ ਲਉ।
ਜ਼ਿੰਦਗੀ ਪਿਆਰ ਹੈ, ਇਸਦਾ ਅਨੰਦ ਮਾਣੋ।
ਜ਼ਿੰਦਗੀ ਇੱਕ ਸੁਪਨਾ ਹੈ, ਇਸਦਾ ਅਹਿਸਾਸ ਕਰੋ।
ਜ਼ਿੰਦਗੀ ਸੁੰਦਰਤਾ ਹੈ, ਇਸਨੂੰ ਪੂਜੋ।
ਜ਼ਿੰਦਗੀ ਇੱਕ ਸਫ਼ਰ ਹੈ, ਇਸਨੂੰ ਤਹਿ ਕਰੋ।
ਜ਼ਿੰਦਗੀ ਇੱਕ ਦੁਖਾਂਤ ਹੈ, ਇਸਦਾ ਸਾਹਮਣਾ ਕਰੋ।
ਜ਼ਿੰਦਗੀ ਇੱਕ ਧੋਖਾ ਹੈ, ਇਸ ਤੋਂ ਬਚੋ।
ਜ਼ਿੰਦਗੀ ਇੱਕ ਸੰਕਲਪ ਹੈ, ਇਸਨੂੰ ਪੂਰਾ ਕਰੋ।

✲✲✲

# ਸਭ ਤੋਂ ਸੋਹਣਾ ਦੇਸ਼-ਨਿਊਜ਼ੀਲੈਂਡ

ਨਿਊਜ਼ੀਲੈਂਡ ਦੇਸ਼, ਦੱਖਣ-ਪੱਛਮੀ ਪ੍ਰਸ਼ਾਂਤ ਮਹਾਂਸਾਗਰ ਵਿੱਚ ਸਥਿਤ ਇੱਕ ਟਾਪੂ ਹੈ। ਇਸ ਵਿੱਚ ਦੋ ਮੁੱਖ ਭੂਮੀ ਖੇਤਰ, ਉੱਤਰੀ ਟਾਪੂ ਅਤੇ ਦੱਖਣੀ ਟਾਪੂ ਅਤੇ 700 ਤੋਂ ਵੱਧ ਛੋਟੇ ਟਾਪੂ ਹਨ। ਇਹ ਖੇਤਰਫਲ ਵਜੋਂ ਛੇਵਾਂ ਸਭ ਤੋਂ ਵੱਡਾ ਟਾਪੂ ਨੁਮਾ ਦੇਸ਼ ਹੈ, 268021 ਵਰਗ ਕਿਲੋਮੀਟਰ ਇਸ ਦਾ ਦਾਇਰਾ ਹੈ। 31 ਮਾਰਚ 2023 ਤੱਕ ਇਸ ਦੀ ਅਬਾਦੀ ਤਕਰੀਬਨ 5199100 ਹੈ। ਇਸ ਦੀ ਸੁੰਦਰਤਾ ਹਰ ਆਉਣ ਵਾਲੇ ਯਾਤਰੀ ਦੀ ਖਿੱਚ ਦਾ ਕਾਰਨ ਹੈ। ਇਹ ਅਵਿਸ਼ਵਾਸਯੋਗ ਤੌਰ ’ਤੇ ਸੁਰੱਖਿਅਤ ਹੈ। ਇੱਥੋਂ ਦੇ ਖਾਣ-ਪੀਣ ਵਿੱਚ ਤੁਹਾਨੂੰ ਦੁਨੀਆਂ ਦੇ ਹਰ ਮੁਲਕ ਦੇ ਖਾਣੇ ਅਤੇ ਪਕਵਾਨ ਮਿਲ ਜਾਂਦੇ ਹਨ। ਅਸੀਂ ਸਾਰੀ ਉਮਰ ਕਮਾਈ ਕਰਦੇ ਮਰ ਜਾਂਦੇ ਹਾਂ, ਢੰਗ ਨਾਲ ਖਰਚ ਨਹੀਂ ਕਰਦੇ ਅਤੇ ਬੁਢਾਪੇ ਵਿੱਚ ਆਉਣ ਵਾਲੀਆਂ ਬਿਮਾਰੀਆਂ ਦੇ ਇਲਾਜ ਲਈ ਪੈਸੇ ਜੋੜਦੇ ਰਹਿੰਦੇ ਹਾਂ ਪ੍ਰੰਤੂ ਇੱਥੇ ਸਿਹਤ ਸੰਭਾਲ ਮੁਫ਼ਤ ਹੈ, ਇਹ ਬਹੁਤ ਹੀ ਆਰਾਮਦਾਇਕ ਹੈ। ਵਰਕ ਵੀਜ਼ਾ ਪ੍ਰਾਪਤ ਕਰਨਾ ਆਸਾਨ ਹੈ।

1 ਜਨਵਰੀ 2006 ਤੋਂ ਪਹਿਲਾਂ ਨਿਊਜ਼ੀਲੈਂਡ ਵਿੱਚ ਪੈਦਾ ਹੋਇਆ ਹਰ ਇਨਸਾਨ ਜਨਮ ਤੋਂ ਹੀ ਨਿਊਜ਼ੀਲੈਂਡ ਦਾ ਨਾਗਰਿਕ ਹੋਣ ਦੇ ਹੱਕ ਰੱਖਦਾ ਹੈ। ਬਾਕੀ ਤੁਸੀਂ ਸਿਰਫ਼ ਤਾਂ ਹੀ ਨਾਗਰਿਕ ਹੋ ਸਕਦੇ ਹੋ ਜੇਕਰ ਘੱਟੋ-ਘੱਟ ਮਾਤਾ ਜਾਂ ਪਿਤਾ ਵਿੱਚੋਂ ਇੱਕ ਨਿਊਜ਼ੀਲੈਂਡ ਦਾ ਨਾਗਰਿਕ ਜਾਂ ਸਥਾਈ ਨਿਵਾਸੀ ਹੋਵੇ। ਨਿਊਜ਼ੀਲੈਂਡ ਦਾ ਜਲਵਾਯੂ ਗੁੰਝਲਦਾਰ ਹੈ ਅਤੇ ਪਹਾੜੀ ਖੇਤਰਾਂ ਵਿੱਚ ਗੰਭੀਰ ਅਲਪਲਾਈਨ ਸਥਿਤੀਆਂ ਦੇ ਨਾਲ, ਦੂਰ ਉੱਤਰ ਵਿੱਚ ਗਰਮ ਉਪ-ਉਪਖੰਡੀ ਤੋਂ ਲੈ ਕੇ ਦੂਰ ਦੱਖਣ ਵਿੱਚ ਠੰਢੇ ਤਪਸ਼ ਵਾਲੇ ਮੌਸਮ ਵਿੱਚ ਬਦਲਦਾ ਹੈ। ਨਿਊਜ਼ੀਲੈਂਡ ਆਪਣੀ ਰਾਸ਼ਟਰੀ ਰਗਬੀ ਟੀਮ, ਇਸਦੇ ਮੂਲ ਨਿਵਾਸੀ ਮਾਓਰੀ ਸੱਭਿਆਚਾਰ ਅਤੇ ਇਸਦੇ ਸੁੰਦਰ ਲੈਂਡਸਕੇਪ ਕਾਰਣ ਬਹੁਤ ਮਸ਼ਹੂਰ ਹੈ। ਜੇਕਰ ਤੁਸੀਂ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਹੋ ਅਤੇ ਇੱਥੇ ਵਿਦੇਸ਼ ਵਿੱਚ ਪੜ੍ਹਾਈ ਕਰਨ ਬਾਰੇ ਵਿਚਾਰ ਕਰ ਰਹੇ ਹੋ ਤਾਂ ਨਿਊਜ਼ੀਲੈਂਡ ਘਰ ਤੋਂ ਬਹੁਤ ਦੂਰ ਹੋ ਸਕਦਾ ਹੈ। ਨਿਊਜ਼ੀਲੈਂਡ ਯੂਨੀਵਰਸਲ ਮਤਾਧਿਕਾਰ ਦੇਣ ਵਾਲਾ ਪਹਿਲਾ ਦੇਸ਼ ਹੈ। ਕਿਵੀ ਸਿਰਫ਼ ਇੱਕ ਫ਼ਲ ਦਾ ਨਾਮ ਹੀ ਨਹੀਂ ਹੈ ਸਗੋਂ ਇਥੋਂ ਦੇ ਹਰ ਨਾਗਰਿਕ ਨੂੰ ਵੀ ਕਿਵੀ ਕਿਹਾ ਜਾਂਦਾ ਹੈ ਅਤੇ ਇਥੋਂ ਦਾ ਰਾਸ਼ਟਰੀ ਪੰਛੀ ਵੀ ਕਿਵੀ ਹੈ ਜੋ ਆਕਾਰ ਵਿੱਚ

ਬਹੁਤ ਹੀ ਛੋਟਾ ਹੁੰਦਾ ਹੈ, ਮਹਿਜ ਇੱਕ ਚਿੜੀ ਦੇ ਆਕਾਰ ਦਾ ਹੁੰਦਾ ਹੈ। ਗਲੋਬ ਦੇ ਬਿਲਕੁਲ ਹੇਠਾਂ ਵਸਿਆ ਹੋਇਆ ਇਹ ਮੁਲਕ ਜਿੰਨਾ ਆਕਾਰ ਵਿੱਚ ਛੋਟਾ ਹੈ ਓਨਾ ਹੀ ਜ਼ਿਆਦਾ ਖ਼ੂਬਸੂਰਤ ਹੈ। ਇੱਥੇ ਇਨਸਾਨਾਂ ਦੀ ਗਿਣਤੀ ਨਾਲੋਂ ਵੱਧ ਭੇਡਾਂ ਦੀ ਗਿਣਤੀ ਹੈ। ਨਿਊਜ਼ੀਲੈਂਡ ਦੇ ਦੱਖਣੀ ਟਾਪੂ ਵਿਚਲੇ ਸ਼ਹਿਰ ਡੁਨੇਡਿਨ ਕੋਲ ਦੁਨੀਆਂ ਦੀ ਸਭ ਤੋਂ ਉੱਚੀ ਸੜਕ ਹੈ ਜੋ ਨਿਊਜ਼ੀਲੈਂਡ ਦੇ ਲਈ ਮਸ਼ਹੂਰ ਹੈ। ਇੱਥੋਂ ਦਾ ਮਨੂਕਾ ਹਨੀ ਵਿਸ਼ਵ ਪ੍ਰਸਿੱਧ ਹੈ। ਮਨੂਕਾ ਸ਼ਹਿਦ ਮੱਖੀਆਂ ਦੁਆਰਾ ਮਨੂਕਾ ਦਰਖਤ ਦੇ ਫੁੱਲਾਂ ’ਤੇ ਚਾਰਾਣ ਦੁਆਰਾ ਪੈਦਾ ਕੀਤਾ ਜਾਂਦਾ ਹੈ, ਇੱਕ ਬਹੁਤ ਹੀ ਖਾਸ ਰੁੱਖ ਹੈ, ਜੋ ਸਿਰਫ਼ ਨਿਊਜ਼ੀਲੈਂਡ ਵਿੱਚ ਹੀ ਉੱਗਦਾ ਹੈ। ਨਿਊਜ਼ੀਲੈਂਡ ਵਿੱਚ ਕਈ ਤਰ੍ਹਾਂ ਦੀ ਵਾਈਨ ਬਣਦੀ ਹੈ ਜੋ ਵਿਸ਼ਵ ਪ੍ਰਸਿੱਧ ਹੈ। ਇਥੋਂ ਦੀ ਨੈਸ਼ਨਲ ਖੇਡ ਰਗਬੀ ਹੈ ਅਤੇ ਹਰ ਸਰਕਾਰੀ ਕੰਮ ਸ਼ੁਰੂ ਹੋਣ ਤੋਂ ਪਹਿਲਾਂ ਇੱਕ “ਹਾਕਾ” ਨਾਮ ਦੀ ਖੇਡ ਦਾ ਪ੍ਰਦਰਸ਼ਨ ਕੀਤਾ ਜਾਂਦਾ ਹੈ।

ਨਿਊਜ਼ੀਲੈਂਡ ਰਹਿਣ ਲਈ ਵਧੀਆ ਥਾਂ ਹੈ। ਜੇਕਰ ਤੁਸੀਂ ਕਿਸੇ ਸੁਰੱਖਿਅਤ ਅਤੇ ਸਥਿਰ ਜਗ੍ਹਾ ਦੀ ਤਲਾਸ਼ ਕਰ ਰਹੇ ਹੋ ਤਾਂ ਨਿਊਜ਼ੀਲੈਂਡ ਜਾਣਾ ਅਤੇ ਰਹਿਣਾ ਬਹੁਤ ਹੀ ਸੁਰੱਖਿਅਤ ਸਥਾਨ ਹੈ। ਬਹੁਤ ਘੱਟ ਅਪਰਾਧ ਦਰ ਦੇ ਨਾਲ, ਇਸਨੂੰ ਲਗਾਤਾਰ ਦੁਨੀਆਂ ਦੇ ਸਭ ਤੋਂ ਸੁਰੱਖਿਅਤ ਦੇਸ਼ਾਂ ਵਿੱਚੋਂ ਪਹਿਲਾ ਦਰਜਾ ਦਿੱਤਾ ਗਿਆ ਹੈ। ਨਿਊਜ਼ੀਲੈਂਡ ਦੇ ਸੱਭਿਆਚਾਰ ਪ੍ਰਭਾਵ ਮੁੱਖ ਤੌਰ ’ਤੇ ਯੂਰਪੀ ਹਨ ਅਤੇ ਮਾਓਰੀ ਪ੍ਰਵਾਸੀ ਸਮੂਹਾਂ ਨੇ ਆਮ ਤੌਰ ’ਤੇ ਯੂਰਪੀਅਨ ਜੀਵਨ ਸ਼ੈਲੀ ਵਿੱਚ ਸ਼ਾਮਲ ਹੋਣ ਦੀ ਪ੍ਰਵਿਰਤੀ ਕੀਤੀ ਹੈ, ਹਾਲਾਂਕਿ ਰਵਾਇਤੀ ਰੀਤੀ-ਰਿਵਾਜ਼ਾਂ ਦਾ ਅਜੇ ਵੀ ਬਹੁਤ ਸਾਰੇ Tongan, Samoan ਅਤੇ ਹੋਰ ਪ੍ਰਸ਼ਾਂਤ ਲੋਕ ਪਾਲਣ ਕਰਦੇ ਹਨ। ਨਿਊਜ਼ੀਲੈਂਡ ਧਰਤੀ ’ਤੇ ਸਭ ਤੋਂ ਵਧੀਆ ਸਥਾਨ ਹੈ, ਵਿਸ਼ਵ ਪੱਧਰੀ ਸਕੀਇੰਗ ਅਤੇ ਸਨੋਬੋਰਡਿੰਗ ਮਿਲਫੋਰਡ ਸਾਊਂਡ ਨੂੰ, ਟ੍ਰਿਪ ਐਡਵਾਈਜ਼ਰਾਂ ਦੁਆਰਾ ਸਲਾਹੁਤਾ ਕੀਤੀ ਗਈ ਹੈ। ਦੁਨੀਆਂ ਦਾ ਸਭ ਤੋਂ ਵਧੀਆ ਯਾਤਰਾ ਸਥਾਨ, ਨੈਸ਼ਨਲ ਪਾਰਕ ਵਿੱਚ, ਬਲੂ ਲੇਕ, ਵਿੱਚ ਦੁਨੀਆਂ ਦਾ ਸਭ ਤੋਂ ਸਾਫ਼ ਪਾਣੀ ਹੈ।

ਮਾਓਰੀ, ਨਿਊਜ਼ੀਲੈਂਡ ਨੂੰ ਐਓਟੀਰੋਆ Aotearoa ਵੀ ਕਿਹਾ ਜਾਂਦਾ ਹੈ, ਜਿਸਦਾ ਅੰਗਰੇਜ਼ੀ ਵਿੱਚ ਆਮ ਤੌਰ ’ਤੇ ਲੈਂਡ ਆਫ਼ ਦਾ ਲੌਂਗ ਵ੍ਹਾਈਟ ਕਲਾਊਡ ਵਜੋਂ ਅਨੁਵਾਦ ਕੀਤਾ ਜਾਂਦਾ ਹੈ। ਨਿਊਜ਼ੀਲੈਂਡ ਵਿੱਚ ਬਨਸਪਤੀ ਅਤੇ ਜੀਵ-ਜੰਤੂ ਅਜਿਹੇ ਹਨ ਜੋ ਧਰਤੀ ’ਤੇ ਹੋਰ ਕਿਤੇ ਨਹੀਂ ਮਿਲਦੇ।

ਇਹ ਇੱਕ ਅਜਿਹਾ ਮਹਾਂਦੀਪ ਹੈ ਜੋ ਸੰਸਾਰ ਦੇ ਮਹਾਂਦੀਪਾਂ ਵਿੱਚੋਂ ਸਭ ਤੋਂ ਛੋਟਾ ਹੈ। ਫਰਵਰੀ ਦੇ ਛੇਵੇਂ ਦਿਨ, Waitangi ਦਿਵਸ ਹੁੰਦਾ ਹੈ, ਜੋ ਬਿਨਾਂ ਸ਼ੱਕ ਨਿਊਜ਼ੀਲੈਂਡ ਵਿੱਚ ਸਭ ਤੋਂ ਮਹੱਤਵਪੂਰਨ ਸਮਾਗਮਾਂ ਵਿੱਚੋਂ ਇੱਕ ਹੁੰਦਾ ਹੈ, ਕਿਉਂਕਿ ਇਸ ਦਿਨ ਰਾਸ਼ਟਰੀ ਛੁੱਟੀ ਹੁੰਦੀ ਹੈ। ਜਸ਼ਨਾਂ ਦੌਰਾਨ, ਵੱਖ-ਵੱਖ ਕੀਵੀ ਭਾਈਚਾਰਿਆਂ ਵਿੱਚ ਭਾਸ਼ਣ ਦਿੱਤੇ ਜਾਂਦੇ ਹਨ, ਸਮਾਰੋਹ ਅਤੇ ਰਵਾਇਤੀ ਨਾਚ ਅਤੇ ਗੀਤ ਦੇ ਪ੍ਰੋਗਰਾਮ ਵੀ

ਆਯੋਜਿਤ ਕੀਤੇ ਜਾਂਦੇ ਹਨ।

ਕੇਪ ਰੀਇੰਗਾ ਉੱਤਰੀ ਟਾਪੂ ਦੇ ਉੱਤਰੀ ਸਿਰੇ 'ਤੇ ਹੈ। ਕੇਪ ਰੀਇੰਗਾ ਬਾਰੇ ਇਹ ਖਾਸ ਹੈ ਕਿ ਇੱਥੇ ਦੋ ਸਮੁੰਦਰਾਂ, ਤਸਮਾਨ ਸਾਗਰ ਅਤੇ ਪ੍ਰਸ਼ਾਂਤ ਮਹਾਸਾਗਰ ਦਾ ਮਿਲਾਪ ਹੁੰਦਾ ਹੈ। ਜਿਸ ਤਰ੍ਹਾਂ ਦੋ, ਇੱਕ ਦੂਸਰੇ ਨੂੰ ਪਿਆਰ ਕਰਨ ਵਾਲੇ, ਮਿਲ ਕੇ ਪੂਰੇ ਖੁਸ਼ ਹੁੰਦੇ ਹਨ ਅਤੇ ਮਿਲ ਕੇ ਖੁਸ਼ੀ ਵਿੱਚ ਖਿਲ ਉੱਠਦੇ ਹਨ ਉਸੇ ਤਰ੍ਹਾਂ ਜਿਸ ਅਸਥਾਨ ਤੇ ਇੰਨ੍ਹਾਂ ਦੋ ਸਮੁੰਦਰਾਂ ਦਾ ਮਿਲਾਪ ਹੁੰਦਾ ਹੈ, ਉੱਥੇ ਕਈ ਤਰ੍ਹਾਂ ਦੇ ਰੰਗ ਬਣਦੇ ਹੋਏ ਝਲਕਦੇ ਹਨ ਜੋ ਹਰ ਸੈਲਾਨੀ ਦੇ ਖਿੱਚ ਦਾ ਕੇਂਦਰ ਬਣਦਾ ਹੈ। ਮਾਓਰੀ ਭਾਈਚਾਰੇ ਲਈ, ਕੇਪ ਰੀਇੰਗਾ ਨਿਊਜ਼ੀਲੈਂਡ ਵਿੱਚ ਅਧਿਆਤਮਿਕ ਤੌਰ 'ਤੇ ਸਭ ਤੋਂ ਮਹੱਤਵਪੂਰਨ ਸਥਾਨ ਹੈ। ਇਥੇ ਇੱਕ ਪ੍ਰਾਚੀਨ ਪੋਹੁਤੁਕਾਵਾ ਦਾ ਰੁੱਖ ਅਤੇ ਇੱਕ ਇਕੱਲਾ ਲਾਈਟ ਹਾਊਸ, ਇਸ ਵਿਸ਼ੇਸ਼ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ। ਇਹ ਮਿੱਥ ਹੈ ਕਿ ਮੌਤ ਤੋਂ ਬਾਅਦ, ਸਾਰੀਆਂ ਮਾਓਰੀ ਆਤਮਾਵਾਂ ਸਮੁੰਦਰੀ ਤੱਟ ਉੱਤੇ ਅਤੇ ਹਵਾ ਨਾਲ ਭਰੇ ਵਾਤਾਵਰਣ ਦੇ ਉੱਪਰ ਪੋਹੁਤੁਕਾਵਾ ਦਰਖਤ ਵੱਲ ਯਾਤਰਾ ਕਰਦੀਆਂ ਹਨ। ਵਿਰਾਸਤੀ ਕੇਪ ਰੀਇੰਗਾ ਨਾ ਸਿਰਫ਼ ਦੇਖਣ ਲਈ ਇੱਕ ਸ਼ਾਨਦਾਰ ਸੁੰਦਰ ਸਥਾਨ ਹੈ, ਇਹ ਮਾਓਰੀ ਸੱਭਿਆਚਾਰ ਵਿੱਚ ਬਹੁਤ ਮਹੱਤਵ ਰੱਖਦਾ ਹੈ। ਕੇਪ ਰੀਇੰਗਾ ਪਾਈਹੀਆ ਬੀਚ ਤੋਂ ਕੁਝ ਘੰਟਿਆਂ ਦੀ ਡਰਾਈਵ ਤੇ ਸਥਿਤ ਨਿਊਜ਼ੀਲੈਂਡ ਦਾ ਉੱਤਰੀ ਕਿਨਾਰਾ ਹੈ। ਦੱਖਣੀ ਟਾਪੂ ਉੱਤਰੀ ਟਾਪੂ ਤੋਂ ਬਹੁਤ ਵੱਖਰਾ ਹੈ। ਸ਼ੁਰੂਆਤ ਕਰਨ ਵਾਲਿਆਂ ਲਈ ਇਹ ਉੱਤਰੀ ਟਾਪੂ ਨਾਲੋਂ ਛੋਟਾ ਹੈ ਅਤੇ ਆਮ ਤੌਰ 'ਤੇ ਵਧੇਰੇ ਸੁੰਦਰ ਮੰਨਿਆ ਜਾਂਦਾ ਹੈ।

ਨਿਊਜ਼ੀਲੈਂਡ ਦੇ ਉੱਤਰੀ ਟਾਪੂ ਅਤੇ ਦੱਖਣੀ ਟਾਪੂ ਦੋਵੇਂ ਹੀ ਬਹੁਤ ਖੂਬਸੂਰਤ ਹਨ ਕਿਉਂਕਿ ਜੋ ਕੁਦਰਤੀ ਨਜ਼ਾਰੇ ਨਿਊਜ਼ੀਲੈਂਡ ਵਿਖੇ ਦੇਖਣ ਨੂੰ ਮਿਲਦੇ ਹਨ ਸ਼ਾਇਦ ਹੀ ਦੁਨੀਆਂ ਦੇ ਕਿਸੇ ਹੋਰ ਹਿੱਸੇ ਵਿੱਚ ਮਿਲਣ, ਇਹ ਮੇਰਾ ਸੰਸਾਰ ਦਾ ਭਰਮਣ ਕਰਦਿਆਂ ਨਿੱਜੀ ਅਨੁਭਵ ਹੈ। ਇੱਥੋਂ ਦੀ (Ninety miles beach) 90 ਮੀਲ ਬੀਚ ਦਾ ਇਤਿਹਾਸ ਹੈ, ਨੱਬੇ ਮੀਲ ਬੀਚ ਅਸਲ ਵਿੱਚ ਲਗਭਗ 55 ਮੀਲ (88 ਕਿਲੋਮੀਟਰ) ਲੰਬੀ ਹੈ। ਕਹਾਣੀ ਇਹ ਹੈ ਕਿ ਸ਼ੁਰੂਆਤੀ ਦੌਰ ਵਿੱਚ ਯੂਰਪੀਅਨ ਵਸਨੀਕਾਂ ਨੇ ਇਸਦਾ ਨਾਮ ਇਸ ਲਈ ਰੱਖਿਆ ਕਿਉਂਕਿ ਉਹ ਜਾਣਦੇ ਸਨ ਕਿ ਉਨ੍ਹਾਂ ਦੇ ਘੋੜੇ ਇੱਕ ਦਿਨ ਵਿੱਚ 30 ਮੀਲ ਤੱਕ ਸਫ਼ਰ ਕਰ ਸਕਦੇ ਹਨ। ਇਸ ਲਈ ਜੇਕਰ ਬੀਚ ਦੇ ਨਾਲ ਯਾਤਰਾ ਵਿੱਚ ਉਨ੍ਹਾਂ ਨੂੰ ਤਿੰਨ ਦਿਨ ਲੱਗ ਗਏ ਤਾਂ ਇਹ 90 ਮੀਲ ਲੰਬਾ ਪੈਂਡਾ ਹੈ। ਦੁਨੀਆਂ ਵਿੱਚ ਸਭ ਤੋਂ ਪਹਿਲਾ ਸੂਰਜ ਇੱਥੇ ਨਿਊਜ਼ੀਲੈਂਡ ਵਿਖੇ ਹੀ ਦੇਖਿਆ ਜਾਂਦਾ ਹੈ। ਹਰ ਨਵੇਂ ਸਾਲ ਲੱਖਾਂ ਦੀ ਗਿਣਤੀ ਵਿੱਚ ਯਾਤਰੀ ਨਿਊਜ਼ੀਲੈਂਡ ਦੇ ਸ਼ਹਿਰ ਗਿਸਬਰਨ ਵਿਖੇ ਸੂਰਜ ਚੜ੍ਹਦਾ ਦੇਖਣ ਲਈ ਆਉਂਦੇ ਹਨ ਜਿਸ ਨਾਲ ਦੇਸ਼ ਨੂੰ ਲੱਖਾਂ ਹੀ ਡਾਲਰਾਂ ਦੀ ਆਮਦਨ ਹੁੰਦੀ ਹੈ।

ਨਿਊਜ਼ੀਲੈਂਡ ਦਾ ਆਕਲੈਂਡ ਸ਼ਹਿਰ ਹੁਣ ਤੱਕ ਦਾ ਸਭ ਤੋਂ ਵੱਡਾ ਸ਼ਹਿਰ ਹੈ,

ਜਿਸ ਵਿੱਚ ਲਗਭਗ 1.7 ਮਿਲੀਅਨ ਲੋਕ ਰਹਿੰਦੇ ਹਨ ਜੋ ਕਿ ਨਿਊਜ਼ੀਲੈਂਡ ਦੀ ਆਬਾਦੀ ਦਾ ਇੱਕ ਤਿਹਾਈ ਹਿੱਸਾ ਹੈ। ਵੈਲਿੰਗਟਨ ਦੇਸ਼ ਦੀ ਰਾਜਧਾਨੀ ਹੈ ਅਤੇ ਕ੍ਰਾਈਸਟਚਰਚ ਵੀ ਲੱਗਭੱਗ 390000 ਲੋਕਾਂ ਦੇ ਨਾਲ ਵੱਸਿਆ ਹੋਇਆ ਹੈ। ਨਿਊਜ਼ੀਲੈਂਡ ਦੇ ਸ਼ਹਿਰ ਕੈਂਟਰਬਰੀ ਵਿੱਚ ਰੰਗੀਓਰਾ ਵਿਖੇ 1973 ਵਿੱਚ ਰਿਕਾਰਡ ਕੀਤਾ ਗਿਆ ਤਾਪਮਾਨ ਸਭ ਤੋਂ ਵੱਧ $42.4^{0C}$ ਦਾ ਰਿਕਾਰਡ ਹੈ, ਉਸੇ ਸਾਲ ਕ੍ਰਾਈਸਟਰਚਰ ਵਿੱਚ $41.6\ ^0C$ ਰਿਕਾਰਡ ਕੀਤਾ ਗਿਆ ਸੀ। 2011 ਵਿੱਚ ਤਿਮਾਰੂ ਵਿਖੇ ਵੈਤਾਂਗੀ ਦਿਵਸ 'ਤੇ $41.3\ ^0C$ ਦਰਜ ਕੀਤਾ ਗਿਆ ਹੈ। ਕੇਪ ਰੀਇੰਗਾ ਨਿਊਜ਼ੀਲੈਂਡ ਦੇ ਉੱਤਰੀ ਹਿੱਸੇ ਵਿਖੇ ਵਸਿਆ ਹੋਇਆ ਆਖਰੀ ਸਿਰਾ ਹੈ ਜਦ ਕਿ ਬਲੱਫ ਨਾਮ ਦਾ ਸ਼ਹਿਰ ਦੱਖਣੀ ਹਿੱਸੇ ਵਿੱਚ ਆਖਰੀ ਸਿਰੇ ਤੇ ਵਸਿਆ ਹੋਇਆ ਹੈ।

ਅਧਿਐਨ ਲਈ ਆਸਟ੍ਰੇਲੀਆ ਜਾਂ ਨਿਊਜ਼ੀਲੈਂਡ ਵਿੱਚੋਂ ਕਿਹੜਾ ਬਿਹਤਰ ਹੈ? ਦੋਵੇਂ ਦੇਸ਼ ਵਿਸ਼ਵ ਪੱਧਰ 'ਤੇ ਅੰਤਰਾਸ਼ਟਰੀ ਵਿਦਿਆਰਥੀਆਂ ਲਈ ਅਧਿਐਨ ਦੇ ਤਰਜੀਹੀ ਸਥਾਨ ਬਣ ਗਏ ਹਨ। ਜਦੋਂ ਕਿ ਨਿਊਜ਼ੀਲੈਂਡ ਇੱਕ ਵਧੀਆ ਕੰਮ-ਜੀਵਨ ਸੰਤੁਲਨ ਦੀ ਪੇਸ਼ਕਸ਼ ਕਰਦਾ ਹੈ, ਆਸਟ੍ਰੇਲੀਆ ਦੀ ਸਿੱਖਿਆ ਪ੍ਰਣਾਲੀ ਇਸਦੇ ਵਿਆਪਕ ਤੌਰ 'ਤੇ ਮਾਨਤਾ ਪ੍ਰਾਪਤ ਅਕਾਦਮਿਕ ਵੱਕਾਰ ਨੂੰ ਵਧਾਉਂਦੀ ਹੈ। ਦੋਵੇਂ ਦੇਸ਼ ਆਪਣੇ-ਆਪਣੇ ਤਰੀਕਿਆਂ ਵਿੱਚ ਵਿਲੱਖਣ ਹਨ। ਦੇਸ਼ ਦੀ ਵਿਭਿੰਨ ਸੁੰਦਰਤਾ, ਇਸਦੀ ਵਿਲੱਖਣ ਸੰਸਕ੍ਰਿਤੀ ਅਤੇ ਬਾਹਰੀ ਗਤੀਵਿਧੀਆਂ ਦੀ ਰੇਂਜ: ਜਿਵੇਂ ਕਿ ਹਾਈਕਿੰਗ, ਸਕੀਇੰਗ ਅਤੇ ਵਾਟਰ ਸਪੋਰਟਸ ਕੁਝ ਕਾਰਨ ਹਨ ਕਿ ਲੋਕ ਨਿਊਜ਼ੀਲੈਂਡ ਆਉਣ ਲਈ ਆਕਰਸ਼ਿਤ ਹੁੰਦੇ ਹਨ।

ਨਿਊਜ਼ੀਲੈਂਡ ਦੇ ਮਸ਼ਹੂਰ ਭੋਜਨਾਂ ਵਿੱਚ ਹਾਂਗੀ ਇੱਕ ਵਿਸ਼ੇਸ਼ ਸਥਾਨ ਰੱਖਦਾ ਹੈ, ਇਹ ਇੱਕ ਵਿਸ਼ੇਸ਼ ਤਰੀਕੇ ਨਾਲ ਬਣਾਇਆ ਗਿਆ ਮੀਟ ਹੈ, ਤੁਸੀਂ ਸੱਚਮੁੱਚ ਅਨੋਖੇ ਤਜ਼ਰਬੇ ਦੀ ਕੋਸ਼ਿਸ਼ ਕੀਤੇ ਬਿਨਾਂ ਨਿਊਜ਼ੀਲੈਂਡ ਨੂੰ ਨਹੀਂ ਛੱਡ ਸਕਦੇ ਜੋ ਹਾਂਗੀ, ਮੱਛੀ, ਚਿਪਸ, ਰੋਸਟ ਲੈਂਬ, ਸੌਸੇਜ ਸਿਜ਼ਲ, ਗ੍ਰੀਨ-ਲਿਪਡ ਮਸਲ, ਕੀਵੀ ਸਮਰ ਬਾਰਬੀਕਿਊ, ਮਾਨੂਕਾ ਹਨੀ ਜੋ ਕਿ ਨਿਊਜ਼ੀਲੈਂਡ ਧਰਤੀ ਦੇ ਦੱਖਣੀ ਹਿੱਸੇ ਵਿੱਚ ਸਥਿਤ ਹੈ। ਜਦੋਂ ਤੁਸੀਂ ਦੱਖਣ ਦੀ ਯਾਤਰਾ ਕਰਦੇ ਹੋ ਤਾਂ ਔਸਤ ਤਾਪਮਾਨ ਘੱਟ ਜਾਂਦਾ ਹੈ ਦੇਸ਼ ਦੇ ਦੂਰ ਉੱਤਰ ਵਿੱਚ ਔਸਤ ਤਾਪਮਾਨ ਲਗਭਗ $15^0C$ ਹੁੰਦਾ ਹੈ, ਜਦੋਂ ਕਿ ਡੂੰਘੇ ਦੱਖਣ ਵਿੱਚ ਔਸਤਨ $9^0C$ ਔਸਤ ਹੁੰਦਾ ਹੈ। ਜਨਵਰੀ ਅਤੇ ਫਰਵਰੀ ਸਾਲ ਦੇ ਸਭ ਤੋਂ ਗਰਮ ਮਹੀਨੇ ਹੁੰਦੇ ਹਨ ਅਤੇ ਜੁਲਾਈ ਸਭ ਤੋਂ ਠੰਡਾ ਹੁੰਦਾ ਹੈ।

ਨਿਊਜ਼ੀਲੈਂਡ ਵਿੱਚ ਰਹਿਣਾ ਤੇਜ਼ ਰਫ਼ਤਾਰ ਵਾਲੇ ਵਾਤਾਵਰਣ ਤੋਂ ਆਉਣ ਵਾਲੇ ਪ੍ਰਵਾਸੀਆਂ ਲਈ ਇੱਕ ਨਵਾਂ ਅਨੁਭਵ ਹੈ। ਕੀਵੀ ਜੀਵਨ ਦਾ ਤਰੀਕਾ ਆਰਾਮਦਾਇਕ ਅਤੇ ਸ਼ਾਨਦਾਰ ਕੰਮਕਾਜੀ ਸੰਤੁਲਨ ਨਾਲ ਭਰਪੂਰ ਹੈ। ਹਾਲਾਂਕਿ ਨਿਊਜ਼ੀਲੈਂਡ ਪ੍ਰਵਾਸੀਆਂ ਲਈ ਸਭ ਤੋਂ ਸਸਤਾ ਦੇਸ਼ ਨਹੀਂ ਹੋ ਸਕਦਾ, ਪਰ ਇਹ

ਬੇਮਿਸਾਲ ਸਹੂਲਤਾਂ ਅਤੇ ਇੱਕ ਆਰਾਮਦਾਇਕ, ਬਹੁ-ਸੱਭਿਆਚਾਰਕ ਵਾਤਾਵਰਣ ਪ੍ਰਦਾਨ ਕਰਦਾ ਹੈ। ਆਮ ਤੌਰ ’ਤੇ ਕਿਹਾ ਜਾਂਦਾ ਹੈ ਕਿ Switzerland ਦੁਨੀਆਂ ਦਾ ਸਭ ਤੋਂ ਸੋਹਣਾ ਦੇਸ਼ ਹੈ, ਸੋਹਣਾ ਬਹੁਤ ਹੈ, ਮੈਨੂੰ ਦੋ ਵਾਰ ਦੇਖਣ ਦਾ ਮੌਕਾ ਮਿਲਿਆ ਹੈ ਪ੍ਰੰਤੂ ਅਸੀਂ 15 ਸਾਲ ਤੱਕ ਨਿਊਜ਼ੀਲੈਂਡ ਰਹਿ ਕੇ ਉਥੋਂ ਦੇ ਵਾਤਾਵਰਣ ਦਾ ਅਤੇ ਬਾਕੀ ਸਭ ਸੁੱਖ ਸਹੂਲਤਾਂ ਦਾ ਅਨੰਦ ਮਾਣਿਆ ਹੈ, ਮੇਰੀ ਨਜ਼ਰ ਵਿੱਚ ਨਿਊਜ਼ੀਲੈਂਡ ਤੋਂ ਸੋਹਣਾ ਹੋਰ ਕੋਈ ਦੇਸ ਨਹੀਂ ਹੋ ਸਕਦਾ।

✲✲✲

ਪੰਜਾਬੀ ਲਾਇਬ੍ਰੇਰੀ

PUNJABI LIBRARY

www.PunjabiLibrary.com